## ਅਧਿਆਇ 2

# ਪੌਲੁਸ ਵੱਲੋਂ ਮਸੀਹ ਦੀ ਖ਼ੁਸ਼ਖ਼ਬਰੀ ਦਾ ਆਤਮਰੱਖਿਆ ਦੇ ਰੂਪ ਵਿਚ ਬਚਾਅ

## (ਭਾਗ 2)

ਅਧਿਆਇ 2 ਵਿਚ ਪੌਲੁਸ ਉਸ ਖੁਸ਼ਖ਼ਬਰੀ ਦਾ ਆਪਣਾ ਬਚਾਅ ਜਾਰੀ ਰੱਖਦਾ ਹੈ ਜਿਸ ਦਾ ਉਸ ਨੇ ਪ੍ਰਚਾਰ ਕੀਤਾ। 2: 1–10 ਵਿਚ ਉਸ ਨੇ ਦੱਸਿਆ ਕਿ ਸੁੰਨਤ ਅਤੇ ਮੁਕਤੀ ਸਬੰਧੀ ਜੋ ਕੁਝ ਪਰਗਟ ਕੀਤਾ ਗਿਆ ਸੀ ਉਸ ਦੀ ਤਸਦੀਕ ਕਰਨ ਲਈ ਯਰੂਸ਼ਲਮ ਦੀ ਕਲੀਸੀਆ ਦੇ ਮੁੱਖ ਆਗੂਆਂ ਨਾਲ ਉਸ ਨੇ ਕਿਵੇਂ ਮੁਲਾਕਾਤ ਕੀਤੀ ਸੀ। ਵਾਧੂ ਸਬੂਤ ਵਜੋਂ ਕਿ ਉਹ ਸਹੀ ਖੁਸ਼ਖ਼ਬਰੀ ਸੁਣਾ ਰਿਹਾ ਸੀ, 2: 11–21 ਵਿਚ ਇਨ੍ਹਾਂ ਦੋ ਘਟਨਾਵਾਂ ਦੀ ਵਰਤੋਂ ਕਰਦਿਆਂ ਉਹ ਯਰੂਸ਼ਲਮ ਦੀ ਮੁਲਾਕਾਤ ਵਿਚ ਪਤਰਸ ਨੂੰ ਝਿੜਕਣ ਤੋਂ ਬਾਅਦ ਅੰਤਾਕੀਆ ਵਿਚ ਆ ਗਿਆ।

### ਯਰੂਸ਼ਲਮ ਦੇ ਦਿੱਗਜਾਂ ਨਾਲ ਪੌਲੁਸ ਦੀ ਮੁਲਾਕਾਤ (2:1-10)

**1ਤਦ ਚੌਦਾਂ ਵਰਿਹਾਂ ਦੇ ਪਿੱਛੋਂ ਮੈਂ ਬਰਨਬਾਸ ਸਣੇ ਯਰੂਸ਼ਲਮ ਨੂੰ ਫੇਰ ਗਿਆ ਅਤੇ ਤੀਤੁਸ ਨੂੰ ਵੀ
ਨਾਲ ਲੈ ਗਿਆ। 2ਅਤੇ ਮੇਰਾ ਜਾਣਾ ਪਰਕਾਸ਼ ਬਾਣੀ ਦੇ ਅਨੁਸਾਰ ਸੀ ਅਤੇ ਉਸ ਖੁਸ਼ਖ਼ਬਰੀ ਨੂੰ ਜਿਹ
ਦਾ ਮੈਂ ਪਰਾਈਆਂ ਕੌਮਾਂ ਵਿਚ ਪ੍ਰਚਾਰ ਕਰਦਾ ਹਾਂ ਉਨ੍ਹਾਂ ਦੇ ਅੱਗੇ ਪੇਸ਼ ਕੀਤਾ ਪਰ ਨਾਮੀ ਗਿਰਾਮੀ ਲੋਕਾਂ
ਦੇ ਅੱਗੇ ਨਿਰਾਲੇ ਵਿਚ ਭਈ ਕਿਤੇ ਐਉਂ ਨਾ ਹੋਵੇ ਜੋ ਮੇਰੀ ਹੁਣ ਦੀ ਯਾ ਪਿੱਛਲੀ ਦੌੜ ਭੱਜ ਅਕਾਰਥ
ਜਾਵੇ। 3ਪਰ ਤੀਤੁਸ ਵੀ ਜੋ ਮੇਰੇ ਨਾਲ ਸੀ ਭਾਵੇਂ ਯੂਨਾਨੀ ਸੀ ਤਾਂ ਵੀ ਧੱਕੋ ਧੱਕੀ ਸੁੰਨਤੀ ਨਾ ਬਣਾਇਆ
ਗਿਆ। 4ਪਰ ਉਨ੍ਹਾਂ ਝੂਠੇ ਭਰਾਵਾਂ ਦੇ ਕਾਰਨ ਜੋ ਚੁੱਪ ਕੀਤੇ ਉਸ ਅਜ਼ਾਦੀ ਦੀ ਸੂਹ ਲੈਣ ਲਈ ਜਿਹੜੀ
ਮਸੀਹ ਯਿਸੂ ਵਿਚ ਸਾਨੂੰ ਮਿਲੀ ਹੋਈ ਹੈ ਚੋਰੀਂ ਵੜ ਆਏ ਭਈ ਸਾਨੂੰ ਬੰਧਨ ਵਿਚ ਲਿਆਉਣ। 5ਪਰ
ਅਸੀਂ ਇਕ ਘੜੀ ਵੀ ਅਧੀਨ ਹੋ ਕੇ ਓਹਨਾਂ ਦੇ ਵੱਸ ਵਿਚ ਨਾ ਆਏ ਭਈ ਖੁਸ਼ਖ਼ਬਰੀ ਦੀ ਸਚਿਆਈ
ਤੁਹਾਡੇ ਕੋਲ ਬਣੀ ਰਹੇ। 6ਪਰ ਓਹ ਜਿਹੜੇ ਨਾਮੀ ਗਿਰਾਮੀ ਸਨ, ਓਹ ਭਾਵੇਂ ਕਿਹੋ ਜਿਹੇ ਹੋਣ, ਮੈਨੂੰ
ਕੋਈ ਪਰਵਾਹ ਨਹੀਂ–ਪਰਮੇਸ਼ੁਰ ਕਿਸੇ ਮਨੁੱਖ ਦਾ ਪੱਖ ਪਾਤ ਨਹੀਂ ਕਰਦਾ ਹੈ, ਮੈਂ ਕਹਿੰਦਾ ਹਾਂ ਭਈ
ਜਿਹੜੇ ਨਾਮੀ ਗਿਰਾਮੀ ਸਨ ਉਨ੍ਹਾਂ ਤੋਂ ਮੈਨੂੰ ਤਾਂ ਕੁਝ ਪਰਾਪਤ ਨਾ ਹੋਇਆ। 7ਸਗੋਂ ਉਲਟਾ ਜਾਂ ਉਨ੍ਹਾਂ
ਨੇ ਡਿੱਠਾ ਭਈ ਅਸੁੰਨਤੀਆਂ ਲਈ ਖੁਸ਼ਖ਼ਬਰੀ ਦਾ ਕਰਤੱਬ ਮੈਨੂੰ ਸੌਂਪਿਆ ਗਿਆ ਜਿਵੇਂ ਸੁੰਨਤੀਆਂ
ਲਈ ਪਤਰਸ ਨੂੰ, 8ਕਿਉਂਕਿ ਜਿਹ ਨੇ ਸੁੰਨਤੀਆਂ ਦੇ ਵਿਖੇ ਰਸੂਲ ਦੀ ਪਦਵੀ ਲਈ ਪਤਰਸ ਵਿਚ
ਅਸਰ ਕੀਤਾ ਉਹ ਨੇ ਪਰਾਈਆਂ ਕੌਮਾਂ ਦੇ ਲਈ ਮੇਰੇ ਵਿਚ ਭੀ ਅਸਰ ਕੀਤਾ। 9ਅਤੇ ਜਾਂ ਉਨ੍ਹਾਂ ਉਸ
ਕਿਰਪਾ ਨੂੰ ਜਿਹੜੀ ਮੇਰੇ ਉੱਤੇ ਹੋਈ ਜਾਣ ਲਿਆ ਤਾਂ ਯਾਕੂਬ ਅਤੇ ਕੇਫ਼ਾਸ ਅਤੇ ਯੂਹੰਨਾ ਨੇ ਜਿਹੜੇ
ਕਲੀਸੀਆਂ ਦੇ ਥੰਮ੍ਹ ਆਖੀਦੇ ਹਨ ਮੇਰੇ ਨਾਲ ਅਤੇ ਬਰਨਬਾਸ ਨਾਲ ਸਾਂਝ ਦੇ ਸੱਜੇ ਹੱਥ ਮਿਲਾਏ ਭਈ
ਅਸੀਂ ਪਰਾਈਆਂ ਕੌਮਾਂ ਕੋਲ ਜਾਈਏ ਅਤੇ ਓਹ ਸੁੰਨਤੀਆਂ ਕੋਲ ਜਾਣ। 10ਕੇਵਲ ਅਸੀਂ ਗਰੀਬਾਂ ਨੂੰ
ਚੇਤੇ ਰੱਖੀਏ ਜਿਸ ਕਰਤੱਬ ਲਈ ਮੈਂ ਵੀ ਲੱਕ ਬੱਧਾ ਸੀ।**

**ਆਇਤ 1.** ਇੱਥੇ ਘਟਨਾਵਾਂ ਦਾ ਸਿਲਸਿਲੇਵਾਰ ਹੋਣਾ ਸਾਡੇ ਲਈ ਔਖਾ ਹੋ ਜਾਂਦਾ ਹੈ। ਇਹ ਮੁਸ਼ਕਿਲ ਉਦੋਂ ਆਉਂਦੀ ਹੈ ਜਦੋਂ ਪੌਲੁਸ ਵੱਲੋਂ ਇੱਥੇ ਦਿੱਤੀ ਗਈ ਤਰਤੀਬ ਨਾਲ ਰਸੂਲਾਂ ਦੇ ਕਰਤੱਬ ਵਿਚ ਲੂਕਾ ਦੇ ਵਿਰਤਾਂਤ ਨੂੰ ਮਿਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਿਲਾਉਣ ਦੀਆਂ ਵੱਖੋ ਵੱਖ ਪੇਸ਼ਕਸ਼ਾਂ ਕੀਤੀਆਂ ਗਈਆਂ ਹਨ। ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਦੋਹਾਂ ਵਿਰਤਾਂਤਾਂ ਨੂੰ ਹਰ ਪਹਿਲੂ ਤੋਂ ਮਿਲਾਉਣਾ ਜ਼ਰੂਰੀ ਨਹੀਂ ਹੈ, ਜਿਵੇਂ ਇਹ ਅਦਾਲਤ ਦੀ ਕਾਰਵਾਹੀ ਹੋਵੇ, ਕਿ ਦੋ ਗਵਾਹਾਂ ਦੀ ਗਵਾਹੀ ਬਿਲਕੁਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਇੱਕੋ ਹੀ ਘਟਨਾ ਨੂੰ ਦੁਬਾਰਾ ਤੋਂ ਦੱਸਣ ਲਈ ਵੱਖੋ ਵੱਖ ਲੇਖਕ (ਜਾਂ ਗਵਾਹ) ਆਮ ਤੌਰ ਤੇ ਵੱਖੋ ਵੱਖ ਗੱਲਾਂ ਤੇ ਜ਼ੋਰ ਦਿੰਦੇ ਹਨ ਕਿਉਂ ਜੋ ਹਰ ਕੋਈ ਜੋ ਉਸ ਦੇ ਮਨ ਵਿਚ ਹੁੰਦਾ ਹੈ, ਉਸੇ ਮਕਸਦ ਨੂੰ ਪੂਰਾ ਕਰਨ ਦਾ ਚਾਹਵਾਨ ਹੁੰਦਾ ਹੈ।

ਪੌਲੁਸ ਨੇ ਲਿਖਿਆ, **ਤਦ ਚੌਦਾਂ ਵਰਿਹਾਂ ਦੇ ਪਿੱਛੋਂ ਮੈਂ ... ਯਰੂਸ਼ਲਮ ਨੂੰ ਫੇਰ ਗਿਆ।**[1] ''ਚੌਦਾਂ ਵਰਿਹਾਂ'' ਦੇ ਗਿਣਨ ਦੇ ਸ਼ੁਰੂ ਦੇ ਸਮੇਂ ਨਾਲ ਜੁੜੀ ਪੌਲੁਸ ਦੀ ਤਰਤੀਬ ਨਾਲ ਜੁੜਿਆ ਇਹ ਸਵਾਲ ਹੈ, ਭਲਾ ਪੌਲੁਸ ਨੇ ਸ਼ੁਰੂਆਤ ਦਮਿਸ਼ਕ ਵਿਚ ਮਸੀਹ ਵਿਚ ਆਪਣੀ ਮਨਬਦਲੀ ਤੋਂ ਬਾਅਦ ਕੀਤੀ (ਕਰਤੱਬ 9:1–19ੳ), ਜਾਂ ਫਿਰ ਯਰੂਸ਼ਲਮ ਪਹਿਲੀ ਵਾਰ ਜਾਣ ਤੇ ਕੀਤੀ ਕਿ ਉਸ ਦੀ ਮਨਬਦਲੀ ਦੇ ਤਿੰਨ ਸਾਲ ਬਾਅਦ ਦੀ ਗੱਲ ਹੈ (1:18; ਕਰਤੱਬ 9:26)? ਸੰਦਰਭ ਦੇ ਅਧਾਰ ਤੇ ਇਹ ਲੱਗੇਗਾ ਕਿ ''ਚੌਦਾਂ ਵਰਿਹਾਂ'' ਉਹਦੇ ਪਹਿਲੀ ਵਾਰ ਜਾਣ ਨਾਲ ਸਬੰਧਿਤ ਹੈ (1:18–24) । ਪਰ ਉਹਦੀ ਮਨਬਦਲੀ ਦੇ ਬਾਅਦ ਉਹਦੇ ''ਚੌਦਾਂ ਵਰਿਹਾਂ'' (1:11–17) ਦੀਆਂ ਘਟਨਾਵਾਂ ਦੀ ਤਰਤੀਬ ਵਿਚ ਬਹੁਤਾ ਮੇਲ ਜਾਂਦਾ ਹੈ।

ਇਕ ਹੋਰ ਸਵਾਲ ਜਿਹੜਾ ਰਸੂਲਾਂ ਦੇ ਕਰਤੱਬ ਵਿਚ ਯਰੂਸ਼ਲਮ ਵਿਚ ਜਾਣ ਨਾਲ ਜੁੜਿਆ ਹੈ ਉਹ 2:1 ਵਿਚ ਦਿੱਤਾ ਹਵਾਲਾ ਹੈ। ਇਕ ਵਿਚਾਰ ਇਹ ਹੈ ਕਿ ਪੌਲੁਸ ਦਾ ਇਹ ਜਾਣਾ ਅਕਾਲ ਰਾਹਤ ਵਿਚ ਮਦਦ ਦੇਣ ਲਈ ਸੀ (ਕਰਤੱਬ 11:27–30)। ਇਕ ਹੋਰ ਪ੍ਰਮੁੱਖ ਵਿਚਾਰ ਇਹ ਹੈ ਕਿ ਇਸ ਯਾਤਰਾ ਨਾਲ ਹੀ ਉਸ ਦਾ ਯਰੂਸ਼ਲਮ ਦੀ ਸਭਾ ਵਿਚ ਭਾਗ ਲੈਣਾ ਸੰਭਵ ਹੋਇਆ (ਕਰਤੱਬ 15:1–29)। ਇਸ ਦੂਸਰੇ ਵਿਚਾਰ ਦੇ ਹਿਮਾਇਤੀ ਇਹ ਤਰਕ ਦਿੰਦੇ ਹਨ ਕਿ ਪੌਲੁਸ ਨੇ ਗਲਾਤੀਆਂ 2 ਵਿਚ ਅਕਾਲ ਰਾਹਤ ਲਈ ਯਰੂਸ਼ਲਮ ਵਿਚ ਜਾਣ ਦੀ ਗੱਲ ਨਹੀਂ ਦੱਸੀ ਕਿਉਂ ਜੋ ਉਹਦੇ ਧਰਮ ਸਾਸ਼ਤਰੀ ਉਦੇਸ਼ਾਂ ਲਈ ਇਹ ਬੇਲੋੜਾ ਸੀ। (ਵੇਖੋ *ਵਧੇਰੇ ਅਧਿਐਨ ਲਈ: ਗਲਾਤੀਆਂ 2:1 ਵਿਚ ਯਰੂਸ਼ਲਮ ਜਾਣਾ ਰਸੂਲਾਂ ਦੇ ਕਰਤੱਬ ਵਿਚ ਕਿਸ ਦੌਰੇ ਦੀ ਗੱਲ ਹੈ?* ਸਫ਼ੇ 92–93.)

2:1 ਵਿਚਲੀ ਯਾਤਰਾ ਵੇਲੇ ਪੌਲੁਸ ਦੇ ਨਾਲ **ਬਰਨਬਾਸ** ਸੀ। ਬਰਨਬਾਸ ਇਕ ਯਹੂਦੀ ਮਸੀਹੀ ਸੀ ਜਿਹੜਾ ਗੈਰਕੌਮਾਂ ਵਿਚ ਇੰਜੀਲ ਦੇ ਪ੍ਰਚਾਰ ਲਈ ਪੌਲੁਸ ਦੇ ਨਾਲ ਸੇਵਾ ਕਰਦਾ ਸੀ।[2] ਰਸੂਲਾਂ ਦੇ ਕਰਤੱਬ 11:30 ਅਤੇ 15:2 ਵਿਚ ਪੌਲੁਸ ਦੇ ਯਰੂਸ਼ਲਮ ਵਿਚ ਜਾਣ ਵੇਲੇ ਉਹ ਉਹਦੇ ਨਾਲ ਸੀ। ਇੱਥੇ ਬਰਨਬਾਸ ਦਾ ਜ਼ਿਕਰ ਸਾਊਥ ਗਲੇਸ਼ੀਅਨ ਥਿਊਰੀ ਦੇ ਪੱਖ ਵਿਚ ਤਰਕ ਦਿੰਦਾ ਹੈ ਕਿਉਂ ਜੋ ਬਰਨਬਾਸ ਗਲਾਤੀਆ ਦੇ ਦੱਖਣੀ ਇਲਾਕੇ ਵਿਚ ਕਲੀਸੀਆਵਾਂ ਕਾਇਮ ਕਰਦਿਆਂ ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ ਤੇ ਉਹਦੇ ਨਾਲ ਗਿਆ ਸੀ (ਕਰਤੱਬ 13; 14)। ਗਲਾਤੀਆ ਦੇ ਵਿਸ਼ਵਾਸੀ ਬਰਨਬਾਸ ਤੋਂ ਜਾਣੂ ਹੋਣਗੇ। ਪਰ ਯੂਹੰਨਾ ਮਰਕੁਸ ਬਾਰੇ ਅਲਹਿਦਾ ਵਿਚਾਰਾਂ ਕਰਕੇ ਪੌਲੁਸ ਅਤੇ ਬਰਨਬਾਸ ਦੂਜੀ ਯਾਤਰਾ ਦੇ ਸ਼ੁਰੂ ਵਿਚ ਹੀ ਅੱਡ ਹੋ ਗਏ ਸਨ (ਕਰਤੱਬ 15:36–41)। ਰਸੂਲਾਂ ਦੇ ਕਰਤੱਬ ਵਿਚ ਬਰਨਬਾਸ ਦੇ ਗਲਾਤੀਆ ਦੇ ਉੱਤਰੀ ਇਲਾਕੇ ਵਿਚ ਕੰਮ ਕਰਨ ਦਾ ਕਿਤੇ ਕੋਈ ਸਬੂਤ ਨਹੀਂ ਮਿਲਦਾ।

ਯਰੂਸ਼ਲਮ ਵਿਚ ਪੌਲੁਸ **ਤੀਤੁਸ** ਨੂੰ ਵੀ ਨਾਲ ਲੈ ਗਿਆ। ਇਹ ਬੰਦਾ ਇਕ ਗੈਰਕੌਮ ਮਸੀਹੀ, ਸਰਗਰਮ ਮਿਸ਼ਨਰੀ ਅਤੇ ਪੌਲੁਸ ਦਾ ਚੰਗਾ ਦੋਸਤ ਸੀ।[3] ਤੀਤੁਸ ਦੇ ਸਬੰਧ ਵਿਚ ਇਕ ਅਕਹਿ ਗੱਲ ਇਹ ਹੈ ਕਿ ਉਸ ਦਾ ਜ਼ਿਕਰ ਰਸੂਲਾਂ ਦੇ ਕਰਤੱਬ ਵਿਚ ਨਾਂਅ ਲੈ ਕੇ ਨਹੀਂ ਕੀਤਾ ਗਿਆ, ਅਗਲੀਆਂ

ਆਇਤਾਂ ਵਿਚ ਦੱਸੀ ਗਈ ਨਿੱਜੀ ਮੁਲਾਕਾਤ ਵਿਚ ਹੋ ਸਕਦਾ ਹੈ ਕਿ ਬਰਨਬਾਸ ਅਤੇ ਤੀਤੁਸ ਨੇ ਪੌਲੁਸ ਦੇ ''ਦੋ ਗਵਾਹਾਂ'' ਦਾ ਕੰਮ ਕੀਤਾ ਹੋਵੇ।[4]

**ਆਇਤ 2.** ਪੌਲੁਸ ਨੇ ਜਦ ਕਿਹਾ ਕਿ ਉਸ ਦਾ ਯਰੂਸ਼ਲਮ ਜਾਣਾ **ਪ੍ਰਕਾਸ਼ਬਾਣੀ ਦੇ ਅਨੁਸਾਰ ਸੀ** ਤਾਂ ਉਸ ਨੇ ਇਹ ਸਾਫ਼ ਨਹੀਂ ਕੀਤਾ ਕਿ ਉਸ ਨੂੰ ਕਿਹੋ ਜਿਹੀ ਪ੍ਰਕਾਸ਼ਬਾਣੀ (*apokalupsis,* ਅਪੋਕਲੁਪਸਿਸ) ਮਿਲੀ ਸੀ। ਇਹਦੀਆਂ ਕਈ ਸੰਭਾਵਨਾਵਾਂ ਮਿਲਦੀਆਂ ਹਨ: (1) ਉਸ ਨੂੰ ਖ਼ੁਦਾ ਵੱਲੋਂ ਸਿੱਧਾ ਦਰਸ਼ਣ ਮਿਲਿਆ ਸੀ, ਜਿਵੇਂ ਕਿ ਉਸ ਦੇ ਰਸੂਲ ਹੋਣ ਦੌਰਾਨ ਕਈ ਵਾਰ ਮਿਲਿਆ (ਕਰਤੱਬ 9:3–7; 16:9; 18:9, 10; 23:11)। (2) ਇਹ ਮੁਕਾਸ਼ਫ਼ਾ ਪਵਿੱਤਰ ਆਤਮਾ ਦੇ ਰਾਹੀਂ ਕਿਸੇ ਹੋਰ ਤਰੀਕੇ ਨਾਲ ਮਿਲਿਆ ਸੀ (ਕਰਤੱਬ 13:1, 2; 16:6, 7; 20:22, 23; 21:4)। (3) ਇਕ ਫ਼ਰਿਸ਼ਤੇ ਨੇ ਉਸ ਨਾਲ ਗੱਲ ਕੀਤੀ (ਕਰਤੱਬ 27:23, 24)। (4) ਅਗਬੁਸ ਵਰਗੇ ਕਿਸੇ ਨਬੀ ਨੇ ਪੌਲੁਸ ਨੂੰ ਦੱਸਿਆ (ਕਰਤੱਬ 11:27, 28; 21:10, 11)। ਕਹਿਣ ਤੋਂ ਭਾਵ ਇਹ ਹੈ ਕਿ ਪੌਲੁਸ ਯਰੂਸ਼ਲਮ ਵਿਚ ਇਸ ਕਰਕੇ ਗਿਆ ਸੀ ਕਿਉਂ ਜੋ ਖ਼ੁਦਾ ਨੇ ਉਸ ਨੂੰ ਬੁਲਾਇਆ ਸੀ, ਨਾ ਕਿ ਇਸ ਕਰਕੇ ਕਿ ਉੱਥੋਂ ਦੀ ਕਲੀਸੀਆ ਦੇ ਆਗੂਆਂ ਨੇ ਉਸ ਨੂੰ ਸੱਦਿਆ ਸੀ।

ਯਰੂਸ਼ਲਮ ਵਿਚ ਰਹਿਣ ਦੌਰਾਨ ਪੌਲੁਸ ਨੇ **ਉਸ ਖੁਸ਼ਖ਼ਬਰੀ ਨੂੰ ਜਿਹਦਾ** ਉਹ **ਪਰਾਈਆਂ ਕੌਮਾਂ ਵਿਚ ਪ੍ਰਚਾਰ ਕਰਦਾ** ਸੀ **ਉਨ੍ਹਾਂ ਦੇ ਅੱਗੇ ਪੇਸ਼ ਕੀਤਾ।** ਇਹ ਉਹੀ ਇਕ ਖੁਸ਼ਖ਼ਬਰੀ ਸੀ ਜਿਸ ਦਾ ਪ੍ਰਚਾਰ ਉਸ ਨੇ ਆਪਣੀ ਮਨਬਦਲੀ ਦੇ ਬਾਅਦ ਕੀਤਾ ਸੀ, ਭਾਵ ਉਹੀ ਜਿਹੜੀ ਗਲਾਤੀਆ ਦੇ ਮਸੀਹੀ ਲੋਕਾਂ ਨੂੰ ਮਿਲੀ ਸੀ (1:6–9)। ਇਸ ਸੰਦੇਸ਼ ਦਾ ਸਾਰ ਯਿਸੂ ਮਸੀਹ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਸੀ (1:1, 4; 3:1; 1 ਕੁਰਿੰਥੀਆਂ 15:3, 4)। ਉਹ ਘੱਟੋ ਘੱਟ ਚੌਦਾਂ ਸਾਲਾਂ ਤਕ ਇਸਰਾਏਲ ਦੇ ਬਾਹਰ ਇਸ ਖੁਸ਼ਖ਼ਬਰੀ ਦਾ ਪ੍ਰਚਾਰ ਕਰਦਾ ਰਿਹਾ ਸੀ (2:1)।

ਪੌਲੁਸ ਨੇ ਉਹੀ ਖੁਸ਼ਖ਼ਬਰੀ ਦਿੱਤੀ ਜਿਸ ਦਾ ਪ੍ਰਚਾਰ ਉਹ **ਨਾਮੀ ਗਿਰਾਮੀ ਲੋਕਾਂ ਦੇ ਅੱਗੇ ਨਿਰਾਲੇ ਵਿਚ** ਕਰਦਾ ਸੀ। ਕੁਝ ਲੋਕ ਇਸ ਵੇਰਵੇ ਨੂੰ ਅਕਾਲ ਰਾਹਤ ਲਈ ਪੌਲੁਸ ਅਤੇ ਬਰਨਬਾਸ ਦੇ ਯਰੂਸ਼ਲਮ ਵਿਚ ਜਾਣ ਨਾਲ ਮਿਲਾਉਣ ਦੇ ਸਬੂਤ ਵਜੋਂ ਕਰਦੇ ਹਨ (ਕਰਤੱਬ 11:29, 30), ਕਿਉਂ ਜੋ ਯਰੂਸ਼ਲਮ ਦੀ ਸਭਾ ਵਿਚ ਜਾਣਾ ਜੱਗ ਜ਼ਾਹਰ ਸੀ (ਕਰਤੱਬ 15:1–29)। ਬੇਸ਼ੱਕ ਇਹ ਹੋ ਸਕਦਾ ਹੈ ਕਿ ਆਮ ਮੁਲਾਕਤਾਂ ਤੋਂ ਪਹਿਲਾਂ ਨਿੱਜੀ ਚਰਚਾ ਹੋਵੇ ਜਿਸ ਦਾ ਵਰਣਨ ਰਸੂਲਾਂ ਦੇ ਕਰਤੱਬ 15 ਦੀ ਕਿਤਾਬ ਵਿਚ ਮਿਲਦਾ ਹੈ।

''ਨਾਮੀ ਗਿਰਾਮੀ'' ਯਰੂਸ਼ਲਮ ਦੀ ਕਲੀਸੀਆ ਦੇ ਆਗੂਆਂ ਨੂੰ ਕਿਹਾ ਗਿਆ ਹੈ, ਜਿਨ੍ਹਾਂ ਦਾ ਖ਼ਾਸਕਰ ਪੌਲੁਸ ਦੇ ਵਿਰੋਧੀਆਂ ਵੱਲੋਂ ਬੜਾ ਆਦਰ ਮਾਣ ਕੀਤਾ ਜਾਂਦਾ ਸੀ (2:6, 9 ਤੇ ਟਿੱਪਣੀਆਂ ਵੇਖੋ)। ਯੂਨਾਨੀ ਸ਼ਬਦ *hoi dokountes*[5] (ਹੋਈ ਡੋਕੋਨਟਸ) ਜੋਸੇਫ਼ਸ ਦੀ ਲਿਖਤ ਵਿਚ ਉਨ੍ਹਾਂ ਦੀ ਪਛਾਣ ਦੇ ਰੂਪ ਵਿਚ ਮਿਲਦਾ ਹੈ ਜਿਹੜੇ ਕਿਸੇ ਸਮਾਜ ਦੇ ਬੜੇ ਸਤਕਾਰਤ ਲੋਕ ਹੋਣ।[6] ਜੇ. ਬੀ. ਲਾਈਟਫੁਟ ਦਾ ਮੰਨਣਾ ਸੀ ਕਿ 2 ਕੁਰਿੰਥੀਆਂ 11:5 ਅਤੇ 12:11 ਵਿਚ ''ਮਹਾਨ ਰਸੂਲਾਂ'' (ਜਾਂ ''ਸੁਪਰ ਰਸੂਲਾਂ''; NIV) ਦੀ ਗੱਲ ਕਰਨ ਵੇਲੇ ਪੌਲੁਸ ਇਸ ਸ਼ਬਦ ਦੀ ਵਰਤੋਂ ਤਨਜ਼ ਦੇ ਰੂਪ ਵਿਚ ਕਰ ਰਿਹਾ ਸੀ।[7] ਜੇ ਕਿਸੇ ਤਨਜ਼ ਦੀ ਵਰਤੋਂ ਕੀਤੀ ਗਈ ਤਾਂ ਇਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਤਰੀਕੇ ਨੂੰ ਝਾੜ ਪਾਉਣ ਲਈ ਹੀ ਸੀ ਭਾਵ ਇਹ ਭਾਸ਼ਾ ਯਕੀਨੀ ਤੌਰ ਤੇ ਇਨ੍ਹਾਂ ਲੋਕਾਂ ਨੂੰ ਨਿੱਜੀ ਤੌਰ ਤੇ ਘੱਟ ਦੱਸਣ ਦੇ ਇਰਾਦੇ ਨਾਲ ਨਹੀਂ ਸੀ।

ਪੌਲੁਸ ਨੇ ਉਸ ਖੁਸ਼ਖ਼ਬਰੀ ਨੂੰ ਜਿਹੜੀ ਉਸ ਨੇ ਇਨ੍ਹਾਂ ਨੂੰ ਸੁਣਾਈ ਸੀ, ਦੱਸਿਆ **ਭਈ ਕਿਤੇ ਐਉਂ ਨਾ ਹੋਵੇ** *[ਉਹਦੀ]* **ਜੋ ਹੁਣ ਦੀ ਯਾ ਪਿੱਛਲੀ ਦੌੜ ਭੱਜ ਅਕਾਰਥ ਜਾਵੇ।** ਭਲਾ ਇਹ ਕਹਿਣ ਦਾ ਮਤਲਬ ਇਹ ਹੈ ਕਿ ਉਸ ਨੇ ਉਸ ਖੁਸ਼ਖ਼ਬਰੀ ਦੀ ਯਥਾਰਥਤਾ ਉੱਤੇ ਜਿਹਦਾ ਉਹ ਐਨੇ ਸਾਲਾਂ ਤੋਂ ਪ੍ਰਚਾਰ ਕਰਦਾ ਰਿਹਾ, ਸਵਾਲ ਉਠਾਇਆ? 1:6–9 ਵਿਚ ਇੱਕੋ ਅਸਲੀ ਖੁਸ਼ਖ਼ਬਰੀ ਉੱਤੇ

ਜ਼ਬਰਦਸਤ ਟਿੱਪਣੀਆਂ ਨੂੰ ਧਿਆਨ ਵਿਚ ਰੱਖਦਿਆਂ ਇਹ ਵਿਚਾਰ ਬੇਤੁਕਾ ਲਗਦਾ ਹੈ। ਤਾਂ ਫਿਰ ਉਹਦੇ ਇਹ ਕਹਿਣ ਤੋਂ ਕੀ ਮਤਲਬ ਸੀ?

ਗੈਰਕੌਮਾਂ ਵਿਚ ਪੌਲੁਸ ਦਾ ਰਸੂਲ ਹੋਣਾ ਹੋਰਨਾਂ ਰਸੂਲਾਂ ਉੱਤੇ ਅਤੇ ਉਸ ਦੇ ਪ੍ਰਚਾਰ ਦੇ ਸਬੰਧ ਵਿਚ ਉਨ੍ਹਾਂ ਦੇ ਵਿਚਾਰ ਤੇ ਨਿਰਭਰ ਨਹੀਂ ਸੀ (1:11, 12)। ਤਾਂ ਵੀ ਉਨ੍ਹਾਂ ਨੇ ਇਸ ਗੱਲ ਨੂੰ ਸਮਝਿਆ ਕਿ ਇਹ ਲਾਜ਼ਮੀ ਹੈ ਕਿ ਆਪਣੀ ਗਵਾਹੀ ਅਤੇ ਸਿੱਖਿਆ ਵਿਚ ਸਾਰੇ ਰਸੂਲ ਇਕਜੁਟ ਹੋਣ। ਨਹੀਂ ਤਾਂ ਯਹੂਦੀਆਂ ਲਈ ਇਕ ਖੁਸ਼ਖ਼ਬਰੀ ਅਤੇ ਗੈਰਕੌਮਾਂ ਲਈ ਕਿਸੇ ਹੋਰ ਖੁਸ਼ਖ਼ਬਰੀ ਨਾਲ ਤਨਾਅ ਵਧ ਸਕਦਾ ਸੀ। ਇਸ ਨਾਲ ਨਿਹਚਾ ਦੇ ਸਭ ਤੋਂ ਅਹਿਮ ਪਹਿਲੂਆਂ ਵਿੱਚੋਂ ਇਕ ਭਾਵ ਮਸੀਹ ਦੀ ਕਲੀਸੀਆ ਦੀ ਏਕਤਾ ਵਿਚ ਫੁੱਟ ਪੈਣ ਨਾਲ ਸੰਕਟ ਵਧ ਸਕਦਾ ਸੀ (ਵੇਖੋ 3:28)। ਰਸੂਲ ਨਹੀਂ ਸੀ ਚਾਹੁੰਦਾ ਕਿ ਪ੍ਰਭੂ ਦੀ ਕਲੀਸੀਆ ਨੂੰ ਯਹੂਦੀ ਕਲੀਸੀਆ ਅਤੇ ਗੈਰਕੌਮ ਕਲੀਸੀਆ ਵਜੋਂ ਵੰਡਿਆ ਹੋਇਆ ਵੇਖੇ।

ਪਤਰਸ ਅਤੇ ਯਰੂਸ਼ਲਮ ਦੀ ਕਲੀਸੀਆ ਨੂੰ ਗੈਰਕੌਮਾਂ ਨਾਲ ਸੰਗਤੀ ਕਰਨ ਦੀ ਧਾਰਣਾ ਦੀ ਬਿਲਕੁਲ ਸਮਝ ਨਹੀਂ ਆਈ ਸੀ। ਪੂਰੀ ਤਰ੍ਹਾਂ ਨਾਲ ਯਕੀਨ ਦੁਆਉਣ ਲਈ ਕਿ ਪ੍ਰਭੂ ਦਾ ਇਰਾਦਾ ਸਾਰੀਆਂ ਕੌਮਾਂ ਨੂੰ ਖੁਸ਼ਖ਼ਬਰੀ ਦੇਣਾ ਸੀ (ਮੱਤੀ 28:18–20; ਮਰਕੁਸ 16:15, 16; ਲੂਕਾ 24:47), ਪਤਰਸ ਨੂੰ ਖ਼ਾਸ ਦਰਸ਼ਣ (ਕਰਤੱਬ 10; 11) ਅਤੇ ਰਸੂਲਾਂ ਅਤੇ ਯਰੂਸ਼ਲਮ ਦੇ ਐਲਡਰਾਂ ਨੂੰ ਇਕ ਮੀਟਿੰਗ ਕਰਨ ਦੀ ਲੋੜ ਪਈ (ਕਰਤੱਬ 15:1–29)। ਅਜਿਹਾ ਲਗਦਾ ਹੈ ਕਿ ਉਨ੍ਹਾਂ ਨੂੰ ਅਖ਼ੀਰ ਵਿਚ ਉਸ ਸੰਦੇਸ਼ ਦੀ ਸਮਝ ਆ ਹੀ ਗਈ ਜਿਸ ਦੀ ਪੌਲੁਸ ਨੂੰ ਸ਼ੁਰੂ ਤੋਂ ਹੀ ਸਮਝ ਸੀ। ਪਰ ਕਈ ਯਹੂਦੀ ਮਸੀਹੀਆਂ ਲਈ, ਆਉਣ ਵਾਲੇ ਕਈ ਸਾਲਾਂ ਤਕ ਕਲੀਸੀਆ ਵਿਚ ਗੈਰਕੌਮਾਂ ਵਿਚ ਮਿਲ ਕੇ ਰਹਿਣਾ ਪਰੇਸ਼ਾਨੀ ਦਾ ਕਾਰਣ ਬਣਿਆ ਰਿਹਾ। ਗਲਾਤੀਆਂ ਦੇ ਨਾਂਅ ਪੌਲੁਸ ਦਾ ਖ਼ਤ ਖੜੀਆਂ ਹੋਈਆਂ ਮੁਸ਼ਕਿਲਾਂ ਦਾ ਸਾਫ਼ ਸਬੂਤ ਹੈ।

ਪਹਿਲੀ ਸਦੀ ਦੇ ਵਿਚਕਾਰ ਯਹੂਦੀ–ਗੈਰਕੌਮ ਝਗੜਾ ਕਲੀਸੀਆ ਅੱਗੇ ਸਭ ਤੋਂ ਵੱਡੀ ਚੁਣੌਤੀ ਰਹੀ ਹੋਵੇਗੀ। ਇਸ ਨਾਲ ਪੂਰੀਆਂ ਦੀਆਂ ਪੂਰੀਆਂ ਮੰਡਲੀਆਂ ਖ਼ਤਮ ਹੋ ਸਕਦੀਆਂ ਸਨ, ਜਿਨ੍ਹਾਂ ਵਿੱਚੋਂ ਕਈਆਂ ਨੂੰ ਸ਼ੁਰੂ ਕਰਨ ਵਿਚ ਪੌਲੁਸ ਨੇ ਬੜੀ ਲਗਨ ਨਾਲ ਮੇਹਨਤ ਕੀਤੀ ਸੀ। ਉਹ ਆਪਣੇ ਮਿਸ਼ਨਰੀ ਉਪਰਾਲਿਆਂ ਨੂੰ ਜਿਨ੍ਹਾਂ ਲਈ ਉਸ ਨੇ ਐਨੀ ਤਕਲੀਫ਼ ਝੱਲੀ ਸੀ, ਅਕਾਰਥ ਨਹੀਂ ਜਾਣ ਦੇਣਾ ਚਾਹੁੰਦਾ ਸੀ (ਫ਼ਿਲਿੱਪੀਆਂ 2:16; 1 ਥੱਸਲੁਨੀਕੀਆਂ 3:5; ਵੇਖੋ 1 ਕੁਰਿੰਥੀਆਂ 15:58; 2 ਕੁਰਿੰਥੀਆਂ 6:1)। ਪੌਲੁਸ ਨੇ ਮਸੀਹੀ ਜੀਵਨ ਦੇ ਨਾਲ ਨਾਲ ਆਪਣੀ ਸੇਵਕਾਈ ਨੂੰ ਸਮਝਾਉਣ ਲਈ ਯੂਨਾਨੀ ਖੇਡਾਂ ਦੇ ਰੂਪਕ, ਜਿਵੇਂ ''ਦੌੜਨਾ'' ਦੀ ਵਰਤੋਂ ਕਈ ਵਾਰ ਕੀਤੀ (5:7; 1 ਕੁਰਿੰਥੀਆਂ 9:24–27; ਫ਼ਿਲਿੱਪੀਆਂ 3:14; 2 ਤਿਮੋਥਿਉਸ 2:5; 4:7, 8)।

ਪੌਲੁਸ ਦੀ ਗਵਾਹੀ ਦੀ ਤਸਦੀਕ ਭਾਵੇਂ ਦਮਿਸ਼ਕ ਦੇ ਰਾਹ ਤੇ ਜੀ ਉੱਠੇ ਮਸੀਹ ਦੇ ਉਸ ਨੂੰ ਦਿੱਤੇ ਖ਼ਾਸ ਦਰਸ਼ਣ ਨਾਲ ਪੂਰੀ ਤਰ੍ਹਾਂ ਨਾਲ ਹੋ ਚੁੱਕੀ ਸੀ, ਪਰ ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਹੋਰ ਰਸੂਲ, ਅਤੇ ਯਰੂਸ਼ਲਮ ਦੇ ਆਗੂ ਗੈਰਕੌਮਾਂ ਦੇ ਮਿਸ਼ਨ ਦੀ ਆਪਣੀ ਸਮਝ ਵਿਚ ਇਕ ਸਨ। ਉਸ ਦਾ ਮੰਨਣਾ ਸੀ ਕਿ ਕਲੀਸੀਆ ਵਿਚ ਫੁੱਟ ਤੋਂ ਬਚਿਆ ਜਾਣਾ ਜ਼ਰੂਰੀ ਹੈ ਤਾਂ ਜੋ ਕਲੀਸੀਆ ਵਿਹਾਰ ਵਿਚ ਇਕ ਹੋ ਸਕੇ ਅਤੇ ਇਸ ਤਰ੍ਹਾਂ ਦੁਨੀਆਂ ਦੀਆਂ ਨਜ਼ਰਾਂ ਵਿਚ ਇਕ ਰਹੇ (ਯੂਹੰਨਾ 17:11, 20, 21)।

**ਆਇਤ 3.** ਪੌਲੁਸ ਦੇ ਯਰੂਸ਼ਲਮ ਦੇ ਆਗੂਆਂ ਨੂੰ ਮਿਲਣ ਦੌਰਾਨ ਉਸ ਦੇ ਸਹਿਕਰਮੀ **ਤੀਤੁਸ** ਨੂੰ ਜਿਹੜਾ ਉਹਦੇ ਨਾਲ ਸੀ, **ਧੱਕੋ ਧੱਕੀ ਸੁੰਨਤੀ ਨਾ ਬਣਾਇਆ ਗਿਆ** ਸੀ। ਇਹ ਸੁੰਨਤ ਦਾ ਪਹਿਲਾ ਜ਼ਿਕਰ ਹੈ ਜੋ ਗਲਾਤੀਆਂ ਦੇ ਖ਼ਤ ਵਿਚਲੇ ਝਗੜੇ ਦੀ ਖ਼ਾਸ ਵਜ੍ਹਾ ਹੈ। ਰਸੂਲ ਨੇ ਆਪਣੀ ਗੱਲ ਨੂੰ ਸਮਝਾਉਣ ਲਈ ਆਪਣੇ ਗੈਰਕੌਮ ਸਹਿਕਰਮੀ ਦੀ ਉਦਾਹਰਣ ਦੀ ਵਰਤੋਂ ਕੀਤੀ। ਯਰੂਸ਼ਲਮ ਵਿਚ

ਆਗੂ ਅਖਵਾਉਣ ਵਾਲਿਆਂ ਨੇ ਤੀਤੁਸ ਦੀ ਸੁੰਨਤ ਕੀਤੇ ਜਾਣਾ ਜ਼ਰੂਰੀ ਨਹੀਂ ਸਮਝਿਆ। ਗੈਰਕੌਮ ਮਸੀਹੀ ਦੇ ਰੂਪ ਵਿਚ ਉਹਦੇ ਲਈ ਅਪ੍ਰੇਸ਼ਨ ਕਰਾਉਣ ਦਾ ਕੋਈ ਕਾਰਣ ਨਹੀਂ ਸੀ ਜਿਹੜਾ ਅਬਰਾਹਾਮ ਦੇ ਸਮੇਂ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਇਬਰਾਨੀ ਲੋਕਾਂ ਲਈ ਅਹਿਮ ਰਿਹਾ ਸੀ (ਉਤਪਤ 17:9–14, 23–27)।

**ਯੂਨਾਨੀ** (*Hellēn,* ਹੈਲੇਨ) ਸ਼ਬਦ ਦੀ ਵਰਤੋਂ ਤੀਤੁਸ ਨੂੰ ਇਕ ਗੈਰਕੌਮ ਦੱਸਣ ਲਈ ਕੀਤੀ ਗਈ ਹੈ ਜਿਹੜਾ ਯੂਨਾਨੀ ਸੱਭਿਅਤਾ ਤੋਂ ਪ੍ਰਭਾਵਿਤ ਸੀ (ਰੋਮੀਆਂ 1:16; 2:9, 10)। ਇਹ (*Hellēnistēs,* ਹੈਲਿਨਿਸਟਸ) ਸ਼ਬਦ ਤੋਂ ਅੱਡ ਹੈ ਜਿਸ ਨੂੰ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀ ਲਈ ਵਰਤਿਆ ਜਾਂਦਾ ਹੈ (ਕਰਤੱਬ 6:1; 9:29)।

ਤੀਤੁਸ ਬਾਰੇ ਪੌਲੁਸ ਦਾ ਵਿਚਾਰ ਰਸੂਲਾਂ ਦੇ ਕਰਤੱਬ 16:1–3 ਵਿਚ ਲੂਕਾਂ ਵੱਲੋਂ ਦਿੱਤੇ ਗਏ ਵਿਰਤਾਂਤ ਵਾਲੀ ਹਾਲਤ ਦੇ ਉਲਟ ਲਗਦਾ ਹੈ ਜਿਸ ਵਿਚ ਪੌਲੁਸ ਦੇ ਇਕ ਹੋਰ ਖ਼ਾਸ ਸਹਿਕਰਮੀ ਤਿਮੋਥਿਉਸ ਦੀ ਸੁੰਨਤ ਰਸੂਲ ਵੱਲੋਂ ਕੀਤੀ ਗਈ ਸੀ। ਪਰ ਇਹ ਕਾਰਜ ਸਹੂਲਤ ਦੀ ਗੱਲ ਸੀ ਕਿਉਂ ਜੋ ਤਿਮੋਥਿਉਸ ਦੀ ਮਾਤਾ ਯਹੂਦਣ ਸੀ ਜਦ ਕਿ ਉਸ ਦਾ ਪਿਤਾ ਯੂਨਾਨੀ ਸੀ। ਉਸ ਦਾ ਪਿਤਾ ਗੈਰਕੌਮ ਸੀ ਜਿਸ ਕਰਕੇ ਤਿਮੋਥਿਉਸ ਦੀ ਸੁੰਨਤ ਕਦੇ ਨਹੀਂ ਹੋਈ ਸੀ। ਪੌਲੁਸ ਦਾ ਮੰਨਣਾ ਸੀ ਕਿ ਜੇ ਇਹ ਜਵਾਨ ਸੁੰਨਤ ਲਈ ਮੰਨ ਜਾਵੇ ਤਾਂ ਉਨਾਂ ਦੇ ਮਿਸ਼ਨ ਕਾਰਜ ਵਿਚ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਕਬੂਲਿਆ ਜਾਵੇਗਾ। ਦੂਜੇ ਪਾਸੇ ਤੀਤੁਸ ਦਾ ਕੋਈ ਯਹੂਦੀ ਪਿਛੋਕੜ ਨਹੀਂ ਸੀ ਜਿਸ ਕਰਕੇ ਉਹਦੇ ਲਈ ਮਾਸ ਕਟਾਉਣ ਦਾ ਕੋਈ ਜਾਇਜ਼ ਕਾਰਣ ਨਹੀਂ ਸੀ। ਤਿਮੋਥਿਉਸ ਦੀ ਸੁੰਨਤ ਦਾ ਉਸ ਦੀ ਅਬਦੀ ਨਜਾਤ ਨਾਲ ਕੋਈ ਲੈਣਾ ਦੇਣਾ ਨਹੀਂ ਸੀ।

**ਆਇਤ 4.** ਪੌਲੁਸ ਨੇ ਸਾਰੇ ਝਗੜੇ ਦਾ ਕਾਰਣ **ਉਨ੍ਹਾਂ ਝੂਠੇ ਭਰਾਵਾਂ** ਨੂੰ ਦੱਸਿਆ ਜਿਨ੍ਹਾਂ ਨੂੰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਕਿਹਾ ਗਿਆ ਹੈ (2 ਕੁਰਿੰਥੀਆਂ 11:26)। ਇਹ ਲੋਕ ਜਿਨ੍ਹਾਂ ਦੀਆਂ ਜੜ੍ਹਾਂ ਫ਼ਰੀਸੀਆਂ ਦੇ ਪੰਥ ਵਿਚ ਸਨ, ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਬਚਾਏ ਜਾਣ ਲਈ ਸੁੰਨਤ ਕਰਾਉਣਾ ਅਤੇ ਸ਼ਰ੍ਹਾ ਨੂੰ ਮੰਨਣਾ ਜ਼ਰੂਰੀ ਹੈ (ਕਰਤੱਬ 15:1, 5)। ਉਨ੍ਹਾਂ ਦਾ ਕਹਿਣਾ ਸੀ ਕਿ ਗੈਰਕੌਮਾਂ ਨੂੰ ਮਸੀਹੀ ਬਣਨ ਲਈ ਯਹੂਦੀ ਬਣਨਾ ਜ਼ਰੂਰੀ ਹੈ। ਜ਼ਾਹਿਰ ਤੌਰ ਤੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਗੈਰਕੌਮਾਂ ਨੂੰ ਸ਼ੁੱਧ ਰੱਖਣ ਦੀ ਫ਼ਿਕਰ ਸੀ ਅਤੇ ਉਹ ਸ਼ਰ੍ਹਾ ਨੂੰ ਰੋਕਣ ਵਾਲੀ ਸਕਾਰਾਤਮਕ ਸ਼ਕਤੀ ਦੇ ਰੂਪ ਵਿਚ ਵੇਖਦੇ ਸਨ। ਹੋਰ ਤਾਂ ਹੋਰ ਉਹ ਸੁੰਨਤ ਰਹਿਤ ਗੈਰਕੌਮਾਂ ਨਾਲ ਸੰਗਤੀ ਲਈ ਬੇਪਰਤੀਤੇ ਯਹੂਦੀਆਂ ਵੱਲੋਂ ਯਹੂਦੀ ਮਸੀਹੀਆਂ ਦੀ ਆਲੋਚਨਾ ਨਹੀਂ ਚਾਹੁੰਦੇ ਸਨ। ਪੌਲੁਸ ਦੇ ਮੁਤਾਬਿਕ ਯਹੂਦੀ ਮਤ ਸਿੱਖਿਆ ਦੇਣ ਵਾਲੇ ''ਝੂਠੇ ਭਰਾ'' ਕਿਉਂ ਜੋ ਉਹ ਗੈਰਕੌਮ ਮਸੀਹੀਆਂ ਨੂੰ ਬਿਨਾਂ ਸੁੰਨਤ ਦੇ ਸੰਗਤੀ ਵਿਚ ਕਬੂਲ ਨਹੀਂ ਕਰਦੇ ਸਨ। ਇਸ ਤਰ੍ਹਾਂ ਉਹ ''ਖੁਸ਼ਖ਼ਬਰੀ ਦੇ ਸਾਰਿਆਂ ਦੇ ਲਈ ਹੋਣ ਦਾ ਇਨਕਾਰ ਕਰਦੇ ਸਨ।''[8]

ਕੁਝ ''ਝੂਠੇ ਭਰਾ'' ਗੈਰਕੌਮ ਮਸੀਹੀਆਂ ਨੂੰ ਮਿਲੀ **ਅਜ਼ਾਦੀ ਦੀ ਸੂਹ ਲੈਣ ਲਈ ਚੋਰੀ ਵੜ ਆਏ** ਸਨ। ਇਹ ਭਾਸ਼ਾ ਅੰਤਾਕੀਆ ਅਤੇ ਗਲਾਤੀਆ ਦੀਆਂ ਪ੍ਰਮੁੱਖ ਤੌਰ ਤੇ ਗੈਰਕੌਮ ਮੰਡਲੀਆਂ ਵਿਚ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਆ ਵੜਨ ਅਤੇ ਸ਼ਰ੍ਹਾ ਦੇ ਮੁਤਾਬਿਕ ਚੱਲਣ ਦੇ ਆਪਣੇ ਸੰਦੇਸ਼ ਨਾਲ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਹੋ ਸਕਦੀ ਹੈ। ਅਤੇ ਵਧੇਰੇ ਸੰਭਾਵਨਾ ਇਹ ਹੈ ਕਿ ਇਹ ਉਨ੍ਹਾਂ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਲਈ ਹੈ ਜਿਹੜੇ ਯਰੂਸ਼ਲਮ ਵਿਚ ਉਨ੍ਹਾਂ ਦੀ ਨਿੱਜੀ ਸਭਾ ਵਿਚ ਆ ਵੜੇ ਸਨ। ''ਚੋਰੀ ਵੜ ਆਏ'' (*pareisaktos,* ਪਰੇਕਸਟੋਕ) ਦਾ ਸਬੰਧ 2 ਪਤਰਸ 2:1 ਵਿਚਲੇ ''ਝੂਠੇ ਗੁਰੂਆਂ'' ਲਈ ਵਰਤੇ ਗਏ ਸ਼ਬਦ ਨਾਲ ਹੈ ਜਿਹੜੇ ਸਥਾਨਕ ਮੰਡਲੀਆਂ ਵਿਚ ''ਨਾਸ਼ ਕਰਨ ਵਾਲੀਆਂ ਬਿੱਦਤਾਂ ਚੋਰੀ ਅੰਦਰ ਲੈ'' ਆਏ ਸਨ। ਬੈਨ ਵਿਦ੍ਰਿੰਗਟਨ ਤੀਜੇ ਦੇ ਮੁਤਾਬਿਕ *pareisaktos* (ਪੈਰੇਸਕੋਟੋਸ) ''ਫੌਜੀ ਭਾਸ਼ਾ'' ਸੀ ''ਜਿਸ

ਦੀ ਵਰਤੋਂ ਬਾਅਦ ਵਿਚ ਸਿਆਸੀ ਅਲੰਕਾਰ ਕੀਤੀ'' ਗਈ।[9] ''ਸੂਹ ਲੈਣ ਲਈ'' ਜਸੂਸੀ ਕਰਨ ਵਾਲਿਆਂ ਦੇ ਦੁਸ਼ਮਣੀ ਵਾਲੇ ਇਰਾਦਿਆਂ ਦਾ ਸੰਕੇਤ ਦਿੰਦਾ ਹੈ (ਵੇਖੋ 2 ਸਮੂਏਲ 10:3; 1 ਇਤਿਹਾਸ 19:3)। ਇਹ ਲੋਕ ''ਜਸੂਸਾਂ ਅਤੇ ਸਾਜ਼ਿਸ਼ ਕਰਨ ਵਾਲਿਆਂ ਵਰਗੇ'' ਸਨ।[10]

**ਉਸ ਅਜ਼ਾਦੀ ਦੀ ਜਿਹੜੀ ਮਸੀਹ ਯਿਸੂ ਵਿਚ ਸਾਨੂੰ ਮਿਲੀ ਹੋਈ ਹੈ,** ਸ਼ਰ੍ਹਾ ਤੋਂ ਅੱਡ ਨਵੇਂ ਨੇਮ ਵਿਚ ਮਿਲੇ ਪਵਿੱਤਰ ਜੀਵਨ ਜੀਣ ਦੀ ਸ਼ਕਤੀ ਵੱਲ ਸੰਕੇਤ ਹੈ (ਅਫ਼ਸੀਆਂ 2:14, 15; ਕੁਲੁੱਸੀਆਂ 2:13, 14)। ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਲੋਕ ਵਿਸ਼ਵਾਸੀਆਂ ਨੂੰ ਸ਼ਰ੍ਹਾ ਦੇ **ਬੰਧਨ** ਵਿਚ ਲਿਆ ਕਿ ਉਨ੍ਹਾਂ ਨੂੰ ਅਜ਼ਾਦੀ ਤੋਂ ਵਾਂਝੇ ਕਰਨਾ ਚਾਹੁੰਦੇ ਸਨ। ''ਅਜ਼ਾਦੀ'' ਅਤੇ ''ਅਜ਼ਾਦ'' ਗਲਾਤੀਆਂ ਦੀ ਕਿਤਾਬ ਵਿਚ ਮੁੱਖ ਸ਼ਬਦ ਹਨ ਜਿਹੜੇ ਕੁਲ ਗਿਆਰਾਂ ਵਾਰ ਮਿਲਦੇ ਹਨ।[11] ਇਨ੍ਹਾਂ ਪੰਜਾਬੀ ਸ਼ਬਦਾਂ ਦਾ ਅਨੁਵਾਦ (*eleutheria,* ਏਲੁਥਰੀਆ) ਅਤੇ ਵਿਸ਼ੇਸ਼ਣ (*eleutheros,* ਏਲੁਥਰੋਸ) ਦਾ ਅਨੁਵਾਦ ਹਨ।

ਯਿਸੂ ਨੇ ਭਾਵੇਂ ਗ੍ਰੇਟ ਕਮੀਸ਼ਨ ਦੇ ਦਿੱਤਾ ਸੀ ਜਿਸ ਵਿਚ ''ਸਾਰੀਆਂ ਕੌਮਾਂ ਨੂੰ ਚੇਲੇ'' ਬਣਾਇਆ ਜਾਣਾ ਸੀ (ਮੱਤੀ 28:19) ਅਤੇ ਪਤਰਸ ਨੇ ''ਉਨ੍ਹਾਂ ਸਭਨਾਂ ਨਾਲ ਜਿਹੜੇ ਦੂਰ ਹਨ'' ਮੁਕਤੀ ਦੇ ਵਾਅਦੇ ਦੀ ਗੱਲ ਕੀਤੀ (ਕਰਤੱਬ 2:39) ਪਰ ਅਜੇ ਵੀ ਗੈਰਕੌਮਾਂ ਵਿਚ ਜਾਣਾ ਇਕ ਦਮ ਨਹੀਂ ਹੋ ਗਿਆ ਜਾਂ ਸੁਭਾਵਕ ਹੀ ਨਹੀਂ ਹੋ ਗਿਆ। ਇਹਦੇ ਲਈ ਰੋਮੀ ਸੂਬੇਦਾਰ ਅਤੇ ਕੁਰਨੇਲਿਉਸ ਅਤੇ ਉਹਦੇ ਘਰਾਣੇ ਨੂੰ ਇੰਜੀਲ ਸੁਣਾਉਣ ਜਾਣ ਵਾਸਤੇ ਪਤਰਸ ਨੂੰ ਮਨਾਉਣ ਲਈ ਇਕ ਚਮਤਕਾਰੀ ਦਰਸ਼ਣ ਦੀ ਲੋੜ ਪਈ (ਕਰਤੱਬ 10:9–16)। ਇਸ ਤੋਂ ਬਾਅਦ ਯਰੂਸ਼ਲਮ ਵਿਚ ਕੁਝ ਯਹੂਦੀ ਮਸੀਹੀਆਂ ਨੇ ਗੈਰਕੌਮਾਂ ਨਾਲ ਖਾਣ ਦੀ ਸੰਗਤੀ ਕਰਨ ਲਈ ਪਤਰਸ ਦੀ ਬੜੀ ਅਲੋਚਨਾ ਕੀਤੀ (ਕਰਤੱਬ 11:1–3)। ਉਸ ਵੱਲੋਂ ਉਨ੍ਹਾਂ ਨੂੰ ਉਹਦੇ ਨਾਲ ਹੋਈਆਂ ਗੱਲਾਂ ਬਾਰੇ ਸਮਝਾਉਣ ਤੋਂ ਬਾਅਦ ਉਨ੍ਹਾਂ ਨੇ ਇਹ ਜਾਣ ਕੇ ਕਿ ਖ਼ੁਦਾ ਨੇ ''ਪਰਾਈਆਂ ਕੌਮਾਂ ਨੂੰ ਭੀ ਜੀਉਣ ਲਈ ਤੋਬਾ ਬਖ਼ਸ਼ੀ ਹੈ'' ਖ਼ੁਦਾ ਦੀ ਵਡਿਆਈ ਕੀਤੀ (ਕਰਤੱਬ 11:18)। ਇਸ ਘਟਨਾ ਨਾਲ ਅੰਤਾਕੀਆ ਵਿਚ ਬਹੁਤ ਸਾਰੇ ਗੈਰਕੌਮਾਂ ਦੀ ਮਨਬਦਲੀ ਹੋਈ। ਉਨ੍ਹਾਂ ਦੇ ਇੰਜੀਲ ਨੂੰ ਕਬੂਲ ਕਰ ਲੈਣ ਦੀ ਖ਼ਬਰ ਜਦ ਯਰੂਸ਼ਲਮ ਵਿਚ ਪੁੱਜੀ ਤਾਂ ਕਲੀਸੀਆ ਦੇ ਨਵੇਂ ਬਣੇ ਮਸੀਹੀਆਂ ਨੂੰ ਸਿਖਾਉਣ ਅਤੇ ਉਨ੍ਹਾਂ ਦੀ ਹੌਂਸਲਾ ਅਫ਼ਜਾਈ ਲਈ ਅੰਤਾਕੀਆ ਵਿਚ ਬਰਨਬਾਸ ਨੂੰ ਭੇਜਿਆ। ਰਸੂਲਾਂ ਦੇ ਕਰਤੱਬ 11:19–26 ਦੇ ਮੁਤਾਬਿਕ ਬਰਨਬਾਸ ਯਰੂਸ਼ਲਮ ਵਿਚ ਗਿਆ ਅਤੇ ਉਹ ਅੰਤਾਕੀਆ ਵਿਚ ਪੌਲੁਸ ਨੂੰ ਲੈ ਆਇਆ ਜਿੱਥੇ ਬਹੁਤ ਸਾਰੇ ਲੋਕਾਂ ਨੂੰ ਸਿਖਾਇਆ। ਇਸ ਉਪਰਾਲੇ ਨਾਲ ਪਹਿਲੀ ਮਿਸ਼ਨਰੀ ਯਾਤਰਾ ਹੋਈ ਜਿਸ ਦੌਰਾਨ ਪੌਲੁਸ ਅਤੇ ਬਰਨਬਾਸ ਮਸੀਹ ਦੀ ਖੁਸ਼ਖ਼ਬਰੀ ਲੈ ਕੇ ਬੇਸ਼ੁਮਾਰ ਗੈਰਕੌਮ ਲੋਕਾਂ ਤਕ ਪਹੁੰਚੇ (ਕਰਤੱਬ 14:27)। ਅਜਿਹਾ ਲਗਦਾ ਹੈ ਕਿ ਗੈਰਕੌਮ ਲੋਕ ਸੰਦੇਸ਼ ਨੂੰ ਐਨੀ ਤੇਜ਼ੀ ਨਾਲ ਮੰਨ ਰਹੇ ਸਨ ਕਿ ਕੁਝ ਯਹੂਦੀਆਂ ਨੂੰ ਕਲੀਸੀਆ ਉੱਤੇ ਆਪਣਾ ਕਬਜ਼ਾ ਖੋਹੇ ਜਾਣ ਦਾ ਡਰ ਲੱਗਣ ਲੱਗ ਪਿਆ।

ਜਦ ਯਹੂਦੀਆਂ ਨੇ ਯਿਸੂ ਨੂੰ ਮਸੀਹਾ ਮੰਨ ਕੇ ਉਸ ਵਿਚ ਵਿਸ਼ਵਾਸ ਕਰ ਲਿਆ, ਤਾਂ ਉਹ ਯਹੂਦੀ ਹੋਣਾ ਬੰਦ ਨਹੀਂ ਹੋ ਗਏ ਸਨ। ਬਹੁਤ ਸਾਰੇ ਲੋਕ ਜਿਨ੍ਹਾਂ ਵਿੱਚੋਂ ਪੌਲੁਸ ਵੀ ਸੀ, ਕੁਝ ਯਹੂਦੀ ਰੀਤਾਂ ਨੂੰ ਮੰਨਦੇ ਰਹੇ। ਰਸੂਲਾਂ ਦੇ ਕਰਤੱਬ 21:20 ਤੋਂ ਪਤਾ ਲਗਦਾ ਹੈ ਕਿ ਯਰੂਸ਼ਲਮ ਦੇ ਕਈ ''ਹਜ਼ਾਰ'' ਯਹੂਦੀ ਨਿਹਚਾਵਾਨ ''ਸ਼ਰ੍ਹਾ ਦੇ ਗੈਰਤ ਵਾਲੇ'' ਸਨ। ਸ਼ਰ੍ਹਾ ਨੂੰ ਥੋਪਣਾ ਸ਼ਾਇਦ ਇਨ੍ਹਾਂ ਕੁਝ ਯਹੂਦੀ ਮਸੀਹੀਆਂ ਦੀ ਸੋਚ ਸੀ ਜਿਸ ਨਾਲ ਉਹ ਗੈਰਕੌਮ ਵਿਸ਼ਵਾਸੀਆਂ ਨੂੰ ਆਪਣੇ ਵੱਸ ਵਿਚ ਰੱਖ ਸਕਣ। ਕੁਝ ਤਾਂ ਗੈਰਕੌਮਾਂ ਨੂੰ ਇਹ ਵੀ ਸਿਖਾਉਂਦੇ ਸਨ ਕਿ ਜੇ ''ਮੂਸਾ ਦੀ ਰੀਤ ਦੇ ਅਨੁਸਾਰ *[ਉਨ੍ਹਾਂ ਦੀ]* ਸੁੰਨਤ ਨਾ ਕਰਾਈ ਜਾਵੇ ਤਾਂ *[ਉਨ੍ਹਾਂ ਦੀ]* ਮੁਕਤੀ ਨਹੀਂ ਹੋ ਸਕਦੀ'' (ਕਰਤੱਬ 15:1)।

**ਆਇਤ 5.** ਪੌਲੁਸ ਜਿਹੜਾ ''ਸਭਨਾ ਲਈ ਸਭ ਕੁਝ ਬਣਿਆ ... ਸਭੋ ਕੁਝ ਇੰਜੀਲ ਦੇ ਨਮਿਤ ਕਰਦਾ'' ਸੀ (1 ਕੁਰਿੰਥੀਆਂ 9:22, 23) ਅਤੇ ਕਮਜ਼ੋਰ ਭਾਈ ਲਈ ਆਪਣੇ ਹੱਕ ਤਕ

ਛੱਡਣ ਨੂੰ ਤਿਆਰ ਹੁੰਦਾ ਸੀ (1 ਕੁਰਿੰਥੀਆਂ 8:13), ਉਸ ਨੇ ਕਰਮਕਾਂਡਾਂ ਅੱਗੇ ਹਾਰ ਨਹੀਂ ਮੰਨੀ।[12] ਇਸ ਸੰਦਰਭ ਵਿਚ ਪੌਲੁਸ ਗੈਰਕੌਮ ਮਸੀਹੀਆਂ ਦੇ ਹੱਕਾਂ ਦੀ ਖ਼ਾਤਰ ਲੜ ਰਿਹਾ ਸੀ ਨਾ ਕਿ ਆਪਣੇ ਹੱਕਾਂ ਦੀ ਖ਼ਾਤਿਰ। ਉਸ ਨੇ ਅਤੇ ਉਸ ਦੇ ਸਾਥੀਆਂ ਨੇ **ਇਕ ਘੜੀ ਵੀ** ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ **ਅਧੀਨ ਹੋ ਕੇ ਉਨ੍ਹਾਂ ਦੇ ਵੱਸ ਵਿਚ ਨਾ ਆਏ।** ''ਇਕ ਘੜੀ'' (*hōra,* ਹੋਰਾ) ਦੀ ਵਰਤੋਂ ਇੱਥੇ ਸਮੇਂ ਦੇ ਥੋੜੇ ਜਿਹੇ ਕਾਲ ਲਈ ਕੀਤੀ ਗਈ ਹੈ; ਕਈ ਸੰਸਕਰਣਾਂ ਵਿਚ ''ਪਲ ਭਰ ਲਈ'' (NIV; NRSV; ESV), ਜਾਂ ''ਇਕ ਘੰਟੇ ਲਈ'' (NASB- ਅਨੁਵਾਦਕ) ''ਇਕ ਪਲ ਲਈ'' (NJB; REB) ਹੈ। ਪੌਲੁਸ ਕੁਝ ਅਜਿਹਾ ਕਹਿਣਾ ਜਾਂ ਕਰਨਾ ਨਹੀਂ ਚਾਹੁੰਦਾ ਸੀ ਜਿਸ ਨਾਲ ਉਸ ਦੇ ਪਾਠਕਾਂ ਦੇ ਵਿਸ਼ਵਾਸ ਨੂੰ ਠੋਕਰ ਲੱਗੇ। ਉਹ ਚਾਹੁੰਦਾ ਸੀ ਕਿ **ਖੁਸ਼ਖ਼ਬਰੀ ਦੀ ਸਚਿਆਈ** ਉਨ੍ਹਾਂ **ਕੋਲ ਬਣੀ ਰਹੇ।**

ਇਹ ਸੁਝਾਅ ਦਿੰਦਿਆਂ ਕਿ ਤੀਤੁਸ ਦੀ ਸੁੰਨਤ ਅਸਲ ਵਿਚ ਕਮਜ਼ੋਰੀ ਦੇ ਪਲ ਵਿਚ ਹੋਈ ਸੀ, ਕੁਝ ਪ੍ਰਾਚੀਨ ਹੱਥਲਿਖਤਾਂ ਵਿਚ ਵੱਖੋ ਵੱਖ ਵੇਰਵੇ ਮਿਲਦੇ ਹਨ। ਇਹ ਪਠਨ ਬਹੁਤ ਸੰਦੇਹ ਭਰਿਆ ਹੈ, ਕਿਉਂ ਜੋ ਇਸ ਨਾਲ ਉਹ ਸਾਰਾ ਤਰਕ ਹੀ ਖ਼ਤਮ ਹੋ ਜਾਵੇਗਾ ਜਿਹੜਾ ਪੌਲੁਸ ਦੇ ਰਿਹਾ ਸੀ।[13] ਅਖ਼ੀਰ ਰਸੂਲ ਤੀਤੁਸ ਨੂੰ ਜਿਹੜਾ ਕਿ ਸੁੰਨਤ ਰਹਿਤ ਗੈਰਕੌਮ ਮਸੀਹੀ ਸੀ, ਇਕ ਨਮੂਨੇ ਵਜੋਂ ਵਰਤ ਰਿਹਾ ਸੀ ਜਿਸ ਦੀ ਨਕਲ ਉਸ ਦੇ ਗੈਰਕੌਮ ਪਾਠਕ ਕਰ ਸਕਦੇ ਸਨ।

**ਆਇਤ 6.** ਇਕ ਵਾਰ ਫੇਰ ਪੌਲੁਸ ਨੇ ਉਨ੍ਹਾਂ ਦਾ **ਜਿਹੜੇ ਨਾਮੀ ਗਿਰਾਮੀ ਸਨ** (ਵੇਖੋ 2:2) ਜ਼ਿਕਰ ਕੀਤਾ, ਭਾਵੇਂ 2:9 ਤਕ ਉਨ੍ਹਾਂ ਵਿੱਚੋਂ ਕਿਸੇ ਦਾ ਨਾਂਅ ਨਹੀਂ ਆਉਂਦਾ। NIV ਵਿਚ ਇਸ ਜਮਾਤ ਨੂੰ ''ਉੱਚੇ ਰੁਤਬੇ ਵਾਲੇ ਲੋਕ'' ਆਖਿਆ ਗਿਆ ਹੈ। ਪੌਲੁਸ ਇੱਥੇ ਆਖ ਰਿਹਾ ਸੀ ਕਿ ਇਹ ਲੋਕ ਯਰੂਸ਼ਲਮ ਦੀ ਕਲੀਸੀਆ ਦੇ ਸਨਮਾਨਤ ਆਗੂ ਸਨ।

ਉਪਵਾਕ ਵਿਚਲੀ ਟਿੱਪਣੀ **ਓਹ ਭਾਵੇਂ ਕਿਹੋ ਜਿਹੇ ਹੋਣ, ਮੈਨੂੰ ਕੋਈ ਪਰਵਾਹ ਨਹੀਂ** ਦੀ ਵਿਆਖਿਆ ਇਹ ਕੱਢਣ ਨਾਲ ਨਹੀਂ ਕੀਤੀ ਜਾਣੀ ਚਾਹੀਦੀ ਕਿ ਪੌਲੁਸ ਉਨ੍ਹਾਂ ਭਾਈਆਂ ਨਾਲ ਪਿਆਰ ਨਹੀਂ ਕਰਦਾ ਸੀ ਜਾਂ ਉਨ੍ਹਾਂ ਦੀ ਤਾਰੀਫ਼ ਨਹੀਂ ਕਰਦਾ ਸੀ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੇ ਇਨ੍ਹਾਂ ਨੂੰ ਉੱਚਿਆਂ ਕਰਕੇ ਪੌਲੁਸ ਨੂੰ ਨੀਵਾਂ ਕੀਤਾ ਸੀ; ਪਰ ਕਲੀਸੀਆ ਦੇ ਇਹ ਸਾਰੇ ਆਗੂ ਹਰ ਤਰ੍ਹਾਂ ਨਾਲ ਇੱਕੋ ਜਿਹੇ ਸਨ।

ਉਪਵਾਕ ਵਿਚ ਰੱਖੀ ਗਈ ਬਾਕੀ ਗੱਲ **ਪਰਮੇਸ਼ੁਰ ਕਿਸੇ ਮਨੁੱਖ ਦਾ ਪੱਖਪਾਤ ਨਹੀਂ ਕਰਦਾ** ਦਾ ਅਨੁਵਾਦ ''ਖ਼ੁਦਾ ਕਿਸੇ ਦੀ ਸ਼ਕਲ ਨਹੀਂ ਵੇਖਦਾ'' ਵਜੋਂ ਕੀਤਾ ਜਾ ਸਕਦਾ ਹੈ। ਪੁਰਾਣੇ ਨੇਮ ਵਿਚ ''ਚਿਹਰਾ ਚੁੱਕਣਾ'' ਮੁਹਾਵਰੇ ਦਾ ਅਰਥ ''ਹਿਮਾਇਤ ਵਿਖਾਉਣਾ'' ਹੈ। ਖ਼ੁਦਾ ਪੱਖਪਾਤੀ ਨਹੀਂ ਹੈ; ਉਹ ਕਿਸੇ ਨਾਲ ਹਿਮਾਇਤ ਨਹੀਂ ਕਰਦਾ (ਲੂਕਾ 20:21; ਕਰਤੱਬ 10:34; ਰੋਮੀਆਂ 2:11; ਅਫ਼ਸੀਆਂ 6:9; ਕੁਲੁੱਸੀਆਂ 3:25; 1 ਪਤਰਸ 1:17)। ਐਫ਼. ਐਫ਼. ਬਰੂਸ ਦੇ ਮੁਤਾਬਿਕ ਇਸ ਸੰਦਰਭ ਵਿਚ, ਇਸ ਇਜ਼ਹਾਰ ਦਾ ਅਰਥ ਹੈ ਕਿ ''ਖ਼ੁਦਾ ਪੌਲੁਸ ਵਾਂਗ, ਜਿਸ ਨੂੰ ਰਸੂਲ ਦੀ ਪਦਵੀ ਬਾਅਦ ਵਿਚ ਮਿਲੀ, ਇਤਹਾਸਕ ਯਿਸੂ ਦੇ ਸਾਥੀਆਂ ਜਾਂ ਰਿਸ਼ਤੇਦਾਰਾਂ ਦਾ ਪੱਖ ਨਹੀਂ ਕਰਦਾ।''[14] ਪੌਲੁਸ ਇਹ ਆਖ ਰਿਹਾ ਸੀ ਕਿ ਕਲੀਸੀਆ ਦੇ ਇਨ੍ਹਾਂ ਆਗੂਆਂ ਤੋਂ ਉਸ ਨੂੰ ਆਪਣੇ ਸੰਦੇਸ਼ ਵਿਚ **ਕੁਝ ਪ੍ਰਾਪਤ ਨਾ ਹੋਇਆ ਸੀ।** ਉਸ ਨੂੰ ਖੁਸ਼ਖ਼ਬਰੀ ਰੱਬੀ ਇਲਹਾਮ ਦੇ ਰਾਹੀਂ ਪ੍ਰਾਪਤ ਹੋਈ ਸੀ, ਨਾ ਕਿ ਮਨੁੱਖਾਂ ਵੱਲੋਂ (1:11, 12)।

**ਆਇਤ 7.** ''ਜਿਹੜੇ ਨਾਮੀ ਗਰਾਮੀ ਸਨ,'' ਉਨ੍ਹਾਂ ਵਿੱਚੋਂ ਇਕ **ਪਤਰਸ** ਦਾ ਨਾਂਅ ਇਸ ਆਇਤ ਵਿਚ ਹੈ। ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਨੂੰ ਅਤੇ ਪਤਰਸ ਦੋਹਾਂ ਨੂੰ ਸੇਵਕਾਈ ਦਾ ਕੰਮ ਪ੍ਰਭੂ ਵੱਲੋਂ **ਸੌਂਪਿਆ ਗਿਆ** ਸੀ (ਵੇਖੋ 1 ਥੱਸਲੁਨੀਕੀਆਂ 2:4)। ਉਹ ਦੋ ਵੱਖੋ ਵੱਖ ਖੇਤਰਾਂ ਵਿਚ ਇੱਕੋ ਖੁਸ਼ਖ਼ਬਰੀ ਸੁਣਾ ਰਹੇ ਸਨ (1 ਕੁਰਿੰਥੀਆਂ 15:3, 4, 11)।

**ਪੌਲੁਸ ਨੂੰ ਅਸੁੰਨਤੀਆਂ** ਭਾਵ (ਗੈਰਕੌਮਾਂ ਨੂੰ) **ਖੁਸ਼ਖ਼ਬਰੀ** ਸੁਣਾਉਣ ਦਾ ਕੰਮ ਸੌਂਪਿਆ ਗਿਆ ਸੀ। ਮਸੀਹ ਨੇ ਦਮਿਸ਼ਕ ਦੇ ਰਾਹ ਤੇ ਉਸ ਨੂੰ ਦਰਸ਼ਣ ਦੇਣ ਵੇਲੇ ਉਸ ਨੂੰ ਗੈਰਕੌਮਾਂ ਲਈ ਰਸੂਲ ਹੋਣ ਵਾਸਤੇ ਸੱਦਿਆ ਸੀ (ਕਰਤੱਬ 26:16–18; ਵੇਖੋ 9:15, 16)। ਇਹਦਾ ਮਤਲਬ ਇਹ ਨਹੀਂ ਹੈ ਕਿ ਪੌਲਸ ਨੇ ਯਹੂਦੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਅਸਲ ਵਿਚ ਪ੍ਰਚਾਰ ਦੀ ਉਹਦੀ ਮਿਸ਼ਨਰੀ ਨੀਤੀ ਕਿਸੇ ਨਵੇਂ ਨਗਰ ਵਿਚ ਜਾਣ ਤੇ ਪਹਿਲਾਂ ਯਹੂਦੀ ਸਮਾਜਾਂ (ਸਿਨਾਗੋਗਾਂ) ਵਿਚ ਮਸੀਹ ਪ੍ਰਚਾਰ ਕਰਨ ਦੀ ਹੀ ਸੀ (ਕਰਤੱਬ 13–19)। ਇਸ ਤਰ੍ਹਾਂ ਉਹ ''ਪਹਿਲਾਂ ਯਹੂਦੀ'' ਨੂੰ ਹੀ ਸੁਣਾਉਂਦਾ ਸੀ (ਰੋਮੀਆਂ 1:16)। ਪਰ ਸੰਦੇਸ਼ ਸੁਣਾਉਣ ਲਈ ਆਪਣਾ ਬਹੁਤਾ ਸਮਾਂ ਪੌਲੁਸ ਗੈਰਕੌਮਾਂ ਵਿਚ ਹੀ ਲਾਉਂਦਾ ਸੀ।

ਦੂਜੇ ਪਾਸੇ, ਪਤਰਸ ਨੂੰ **ਸੁੰਨਤੀਆਂ** ਭਾਵ ਯਹੂਦੀਆਂ **ਨੂੰ** ਵਚਨ ਸੁਣਾਉਣ ਦਾ ਕੰਮ ਸੌਂਪਿਆ ਗਿਆ ਸੀ। ਉਸ ਨੇ ਪਹਿਲਾ ਇੰਜੀਲੀ ਸੰਦੇਸ਼ ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਵਿਚ ਦਿੱਤਾ (ਕਰਤੱਬ 2) ਅਤੇ ਯਰੂਸ਼ਲਮ ਅਤੇ ਯਹੂਦਾ ਵਿਚ ਉਸ ਨੂੰ ਬੜੀ ਸਫ਼ਲਤਾ ਮਿਲੀ ਸੀ। ਫਿਰ ਵੀ ਪਤਰਸ ਦਾ ਯਹੂਦੀਆਂ ਵਿਚ ਜ਼ੋਰ ਦੇਣਾ ਉਸ ਨੂੰ ਗੈਰਕੌਮਾਂ ਦੀ ਸੇਵਕਾਈ ਕਰਨ ਤੋਂ ਰੋਕ ਨਹੀਂ ਸਕਿਆ। ਅਸਲ ਵਿਚ ਕੁਰਨੇਲਿਉਸ ਅਤੇ ਉਸ ਦੇ ਘਰਾਣੇ ਦੇ ਲੋਕਾਂ ਵਿਚ ਪ੍ਰਚਾਰ ਕਰਕੇ ਕਲੀਸੀਆ ਵਿਚ ਆਉਣ ਦਾ ਗੈਰਕੌਮਾਂ ਦਾ ਰਾਹ ਉਸੇ ਨੇ ਖੋਲ੍ਹਿਆ ਸੀ (ਕਰਤੱਬ 10), ਅਤੇ ਆਪਣੀ ਪੂਰੀ ਸੇਵਕਾਈ ਦੌਰਾਨ ਉਹ ਗੈਰਕੌਮਾਂ ਵਿਚ ਪ੍ਰਚਾਰ ਕਰਦਾ ਰਿਹਾ ਸੀ (ਵੇਖੋ 1 ਕੁਰਿੰਥੀਆਂ 1:12; 3:22; 1 ਪਤਰਸ 1:1, 14, 18)।

**ਆਇਤ 8.** NASB ਵਿਚ ਇਸ ਆਇਤ ਨੂੰ ਬਰੈਕਟ ਵਿਚ ਰੱਖਿਆ ਗਿਆ ਹੈ: **ਕਿਉਂਕਿ ਜਿਹ ਨੇ ਸੁੰਨਤੀਆਂ ਦੇ ਵਿਖੇ ਰਸੂਲ ਦੀ ਪਦਵੀ ਲਈ ਪਤਰਸ ਵਿਚ ਅਸਰ ਕੀਤਾ ਉਹ ਨੇ ਪਰਾਈਆਂ ਕੌਮਾਂ ਦੇ ਲਈ ਮੇਰੇ ਵਿਚ ਭੀ ਅਸਰ ਕੀਤਾ।** ਕਹਿਣ ਦਾ ਮਤਲਬ ਇਹ ਹੈ ਕਿ ਖ਼ੁਦਾ ਨੇ ਪਤਰਸ ਨੂੰ (''ਸੁੰਨਤੀਆਂ,'' ਭਾਵ ਯਹੂਦੀਆਂ) ਅਤੇ ਪੌਲੁਸ ਨੂੰ (''ਪਰਾਈਆਂ ਕੌਮਾਂ'') ਲਈ ਰਸੂਲ ਹੋਣ ਦੀ ਸੇਵਕਾਈ ਦਿੱਤੀ। ਖ਼ੁਦਾ ਨੇ ਇਨ੍ਹਾਂ ਦੋਹਾਂ ਨੂੰ ਮੋਅਜਜ਼ੇ ਵਾਲੇ ਨਿਸ਼ਾਨਾਂ ਨਾਲ ਪ੍ਰਚਾਰ ਕਰਨ ਦੀ ਤਸਦੀਕ ਕਰਨ ਦੀ ਸ਼ਕਤੀ ਨਾਲ ਆਪਣਾ ਇੱਕੋ ਹੀ ਸੰਦੇਸ਼ ਦਿੱਤਾ। ਜੋ ਕੁਝ ਇਹ ਦੋਵੇਂ ਕਰ ਰਹੇ ਸਨ ਜੇ ਉਸ ਦੇ ਮਗਰ ਸ਼ਕਤੀ ਖ਼ੁਦਾ ਦੀ ਸੀ ਤਾਂ ਪੌਲੁਸ ਦੀ ਅਲੋਚਨਾ ਕਰਨ ਦੀ ਹਿੰਮਤ ਕਿਸ ਦੀ ਸੀ? ''ਅਸਰ ਕੀਤਾ'' ਲਈ ਯੂਨਾਨੀ ਸ਼ਬਦ (*energeō,* ਇਨਰਜਿਓ) ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ energy (ਇਨਰਜੀ) ਦਾ ਅਧਾਰ ਹੈ। ''ਰਸੂਲ ਦੀ ਪਦਵੀ'' ਲਈ ਸ਼ਬਦ (*apostolē,* ਅਪੋਸਟਲ) ਜਿਸ ਦਾ ਅਰਥ ਰਸੂਲ ਦਾ ਰੁਤਬਾ ਹੈ, ਨਵੇਂ ਨੇਮ ਵਿਚ ਚਾਰ ਵਾਰ ਮਿਲਦਾ ਹੈ (2:8; ਕਰਤੱਬ 1:25; ਰੋਮੀਆਂ 1:5; 1 ਕੁਰਿੰਥੀਆਂ 9:2)।

**ਆਇਤ 9.** ਪੌਲੁਸ ਨੇ ਇਕ ਵਾਰ ਫੇਰ ਤੋਂ ਉਨ੍ਹਾਂ ਦੀ ਗੱਲ ਕੀਤੀ ਜਿਹੜੇ **ਥੰਮ੍ਹ ਆਖੀਦੇ** ਸਨ (ਵੇਖੋ 2:2, 6); ਉਸ ਨੇ ਉਨ੍ਹਾਂ ਦੇ ਨਾਂਅ **ਯਾਕੂਬ ਅਤੇ ਕੇਫ਼ਾਸ ਅਤੇ ਯੂਹੰਨਾ** ਦੱਸਿਆ। ਪ੍ਰਭੂ ਦੇ ਭਰਾ ''ਯਾਕੂਬ'' ਦਾ ਨਾਂਅ 1:19 ਵਿਚ ਦਿੱਤਾ ਗਿਆ ਹੈ। ਇੱਥੇ ਉਸ ਨੂੰ ਸਿਰਫ਼ ''ਯਾਕੂਬ'' ਆਖਿਆ ਗਿਆ; ਕਿਉਂਕਿ ਹੁਣ ਉਸ ਨੂੰ ਯੂਹੰਨਾ ਦੇ ਭਰਾ ਯਾਕੂਬ ਨਾਲੋਂ ਜਿਹੜਾ ਸ਼ਹੀਦ ਹੋ ਗਿਆ ਸੀ, ਅੱਡ ਕਰਨਾ ਬੇਲੋੜਾ ਸੀ (ਕਰਤੱਬ 12:1, 2)। ''ਕੇਫ਼ਾਸ'' ਜਿਹੜਾ ਬਾਰਾਂ ਰਸੂਲਾਂ ਵਿੱਚੋਂ ਇਕ ਸੀ, ਦਾ ਜ਼ਿਕਰ ਗਲਾਤੀਆਂ 1:18 ਵਿਚ ਹੋਇਆ ਸੀ। ਉੱਪਰਲੀਆਂ ਆਇਤਾਂ ਵਿਚ ਉਸ ਦਾ ਜ਼ਿਕਰ ਹੈ (2:7, 8), ਭਾਵੇਂ ਉਸ ਦੇ ਅਰਾਮੀ ਨਾਂਅ ''ਕੇਫ਼ਾਸ'' ਦੀ ਬਜਾਇ ਉਹਦਾ ਯੂਨਾਨੀ ਨਾਂਅ ''ਪਤਰਸ'' ਦਿੱਤਾ ਗਿਆ ਹੈ। ''ਯੂਹੰਨਾ'' ਜਿਹੜਾ ਬਾਰ੍ਹਾਂ ਵਿੱਚੋਂ ਇਕ ਸੀ, ਇਸ ਤਿਕੜੀ ਵਿੱਚੋਂ ਇਕ ਸੀ।

ਇੰਜੀਲ ਦੇ ਵਿਰਤਾਂਤਾਂ ਵਿੱਚੋਂ ਬਰੂਸ ਨੇ ਅੰਦਾਜ਼ਾ ਲਾਇਆ ਹੈ ਕਿ ਯਿਸੂ ਦੇ ਕਰੀਬੀ ਲੋਕਾਂ ਵਿੱਚੋਂ ਪਤਰਸ, ਯਾਕੂਬ ਅਤੇ ਯੂਹੰਨਾ (ਮਰਕੁਸ 5:37; 9:2; 14:33), ਸ਼ੁਰੂ ਵਿਚ ਯਰੂਸ਼ਲਮ

ਦੀ ਕਲੀਸੀਆ ਦੇ **ਥੰਮ੍ਹ** ਸਨ। ਪਰ ਯੂਹੰਨਾ ਦੇ ਭਰਾ ਯਾਕੂਬ ਦਾ ਕਤਲ ਹੋ ਗਿਆ ਸੀ ਇਸ ਕਰਕੇ ਉਹਦੀ ਥਾਂ ਪ੍ਰਭੂ ਦਾ ਭਰਾ ਯਾਕੂਬ (ਰਸੂਲ ਨਹੀਂ) ਥੰਮ੍ਹ ਬਣ ਗਿਆ। ਇਕ ਹੋਰ ਸੰਭਾਵਨਾ ਇਹ ਹੈ ਕਿ ਬਾਅਦ ਵਾਲਾ ਯਾਕੂਬ ਸ਼ੁਰੂ ਵਿਚ ਆਗੂ ਬਣ ਗਿਆ ਜਿਸ ਕਰਕੇ ਮੂਲ ਵਿਚ ਚਾਰੇ ਥੰਮ੍ਹ ਸਨ ਭਾਵ ਦਿੱਗਜ ਸਨ।[15]

1:18, 19 ਵਿਚ ਪਤਰਸ ਦਾ ਨਾਂਅ ਯਾਕੂਬ ਦੇ ਨਾਂਅ ਨਾਲੋਂ ਪਹਿਲਾਂ ਆਉਂਦਾ ਹੈ; ਇਸ ਸੰਦਰਭ ਵਿਚ ਯਾਕੂਬ ਦਾ ਨਾਂਅ ਪਹਿਲਾਂ ਆਉਂਦਾ ਹੈ। ਸ਼ਾਇਦ ਇਨ੍ਹਾਂ ਆਇਤਾਂ ਵਿਚ ਲਿਖੀਆਂ ਘਟਨਾਵਾਂ ਵਿਚਲੇ ਕਈ ਸਾਲਾਂ ਦੌਰਾਨ (ਵੇਖੋ 2:1), ਯਾਕੂਬ ਯਰੂਸ਼ਲਮ ਦੀ ਕਲੀਸੀਆ ਵਿਚ ਪਤਰਸ ਨਾਲੋਂ ਬਹੁਤਾ ਪ੍ਰਭਾਵਸ਼ਾਲੀ ਵਿਅਕਤੀ ਬਣ ਗਿਆ ਸੀ (ਕਰਤੱਬ 15:13; 21:18)। ਅਜਿਹਾ ਪਤਰਸ ਦੇ ਯਰੂਸ਼ਲਮ ਅਤੇ ਯਹੂਦੀਆ ਤੋਂ ਬਾਹਰ ਰਹਿਣ ਕਰਕੇ ਹੋਇਆ ਹੋ ਸਕਦਾ ਹੈ (ਕਰਤੱਬ 8:14; 9:32, 43; 10:24)।[16]

ਕਾਰਣ ਜੋ ਵੀ ਹੋਣ ਪਰ ਇਨ੍ਹਾਂ ਤਿੰਨਾਂ ਨੂੰ ਥੰਮ੍ਹ ਮੰਨਿਆ ਜਾਂਦਾ ਸੀ। ਤੰਬੂ ਅਤੇ ਹੈਕਲ ਦੇ ਨਿਰਮਾਣ ਵਿਚ ਵਰਤੇ ਜਾਣ ਵਾਲੇ ਥੰਮ੍ਹ ਲਈ ਸਪਤਤੀ (LXX) ਵਿਚ ਯੂਨਾਨੀ ਸ਼ਬਦ (*stulos,* ਸਟੂਲੋਸ) ਕਈ ਵਾਰ ਆਉਂਦਾ ਹੈ। ਕਿਸੇ ਖ਼ਾਸ ਅਦਾਰੇ ਨੂੰ ਮਜ਼ਬੂਤੀ ਅਤੇ ਸਹਾਰਾ ਦੇਣ ਲਈ ਇਸ ਰੂਪਕ ਦੀ ਵਰਤੋਂ ਆਮ ਗੱਲ ਸੀ (ਵੇਖੋ ਪ੍ਰਕਾਸ਼ ਦੀ ਪੋਥੀ 3:12)। ਲਾਈਟਫ਼ੁਟ ਦੇ ਅਨੁਸਾਰ, ''ਥੰਮ੍ਹ'' ਉਹ ਇਜ਼ਹਾਰ ਸੀ ਜਿਸ ਦੀ ਵਰਤੋਂ ਯਹੂਦੀ ਲੋਕ ''ਸ਼ਰ੍ਹਾ ਦੇ ਸਿਖਾਉਣ ਵਾਲਿਆਂ'' ਲਈ ਆਮ ਕਰਦੇ ਸਨ।[17]

ਆਪਣੀ ਨਿੱਜੀ ਮੁਲਾਕਾਤ ਦੌਰਾਨ ਯਾਕੂਬ, ਕੇਫ਼ਾਸ, ਅਤੇ ਯੂਹੰਨਾ ਨੇ ਉਸ ਚੰਗੇ ਕੰਮ ਨੂੰ ਸਵੀਕਾਰਿਆ ਜਿਹੜਾ ਪੌਲੁਸ ਅਤੇ ਬਰਨਬਾਸ ਕਰ ਰਹੇ ਸਨ। ਉਨ੍ਹਾਂ ਨੇ ਉਸ ਕਿਰਪਾ ਨੂੰ ਜਿਹੜੀ **ਪੌਲੁਸ** ਉੱਤੇ ਹੋਈ ਮੰਨ ਲਿਆ ਕਿ ਖ਼ੁਦਾ ਨੇ ਕਿਵੇਂ ਉਸ ਨੂੰ **ਪਰਾਈਆਂ ਕੌਮਾਂ ਕੋਲ** ਜਾਣ ਦੀ ਸੇਵਕਾਈ ਸੌਂਪੀ ਸੀ (ਵੇਖੋ 1:15, 16) ਅਤੇ ਪੌਲੁਸ ਅਤੇ ਬਰਨਬਾਸ **ਨਾਲ ਸਾਂਝ ਦੇ ਸੱਜੇ ਹੱਥ ਮਿਲਾਏ।** ਸੱਜੇ ਹੱਥ ਮਿਲਾਉਣਾ ਯਹੂਦੀਆਂ ਅਤੇ ਗੈਰਕੌਮਾਂ ਦੋਹਾਂ ਵਿਚ ਦੋਸਤੀ ਅਤੇ ਮਨਜ਼ੂਰੀ ਨੂੰ ਵਿਖਾਉਂਦੀ ਇਕ ਆਮ ਰੀਤ ਹੈ।[18] ਆਰ. ਐਲਨ ਕੋਲ ਨੇ ਕਿਹਾ ਹੈ ਕਿ ਇਨ੍ਹਾਂ ਲੋਕਾਂ ਨੇ ''ਸੱਜੇ ਹੱਥ ਫੜੇ ... ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਲਈ ਇਕ ਜ਼ੋਰਦਾਰ ਹਮਲਾ ਹੋਵੇਗਾ।''[19]

**ਆਇਤ 10.** ਯਾਕੂਬ, ਕੇਫ਼ਾਸ ਅਤੇ ਯੂਹੰਨਾ ਨੇ ਗੈਰਕੌਮ ਮਿਸ਼ਨ ਨੂੰ ਹਮਾਇਤ ਦਿੰਦਿਆਂ ਬੇਨਤੀ ਕੀਤੀ ਕਿ ਪੌਲੁਸ ਅਤੇ ਬਰਨਬਾਸ **ਗਰੀਬਾਂ ਨੂੰ ਚੇਤੇ** ਰੱਖਣ। ਉਨ੍ਹਾਂ ਸਿਰਫ਼ ਐਨੀ ਹੀ ਬੇਨਤੀ ਕੀਤੀ ਸੀ; ਗੈਰਕੌਮ ਮਸੀਹੀਆਂ ਲਈ ਸ਼ਰ੍ਹਾ ਨੂੰ ਮੰਨਣ ਜਾਂ ਸੁੰਨਤ ਕਰਾਉਣ ਦੀ ਕੋਈ ਸ਼ਰਤ ਨਹੀਂ ਸੀ। ਇਸ ਸੰਦਰਭ ਵਿਚ ''ਗਰੀਬਾਂ'' (*ptōchos,* ਪਟੋਚੋਸ) ਦਾ ਅਰਥ ਮੁੱਖ ਤੌਰ ਤੇ ਯਰੂਸ਼ਲਮ ਦੀ ਕਲੀਸੀਆ ਦੇ ਗਰੀਬ ਮੈਂਬਰ ਸਨ।[20] ਪੌਲੁਸ ਨੇ ਕਿਹਾ ਕਿ ਗਰੀਬਾਂ ਦੀ ਮਦਦ ਕਰਨ ਲਈ ਉਸ ਨੇ **ਲੱਕ ਬੱਧਾ** ਸੀ।

NIV ਵਿਚ ਆਇਤ ਦੇ ਪਹਿਲੇ ਹਿੱਸੇ ਦਾ ਅਨੁਵਾਦ ਹੈ, ''ਉਨ੍ਹਾਂ ਸਿਰਫ਼ ਇਹੀ ਆਖਿਆ ਕਿ ਸਾਨੂੰ ਗਰੀਬਾਂ ਨੂੰ ਚੇਤੇ ਰੱਖਣਾ *ਜਾਰੀ ਰੱਖਣਾ* ਚਾਹੀਦਾ ਹੈ'' (ਜ਼ੋਰ ਦਿੱਤਾ ਗਿਆ ਹੈ)। ਇਹ ਅਨੁਵਾਦ ਖ਼ਾਸ ਤੌਰ ਤੇ ਢੁਕਵਾਂ ਹੋਵੇਗਾ ਜੇ ਯਰੂਸ਼ਲਮ ਦੇ ਥੰਮ੍ਹਾਂ ਭਾਵ ਦਿੱਗਜਾਂ ਨਾਲ ਅਕਾਲ ਰਾਹਤ ਤੇ ਜਾਣ ਲਈ ਹੋਈ ਹੋਵੇ (ਕਰਤੱਬ 11:27–30)। ਜੇ ਇਹ ਸਹੀ ਹੈ ਤਾਂ ਪੌਲੁਸ ਅਤੇ ਬਰਨਬਾਸ ਉਸ ਵਕਤ ਜ਼ਰੂਰਤਮੰਦਾਂ ਨੂੰ ਯਾਦ ਰੱਖ ਰਹੇ ਸਨ ਅਤੇ ਉਨ੍ਹਾਂ ਨੂੰ ਇਸ ਭਾਵਨਾ ਨਾਲ ਅਜਿਹਾ ਕਰਦੇ ਰਹਿਣ ਦੀ ਬੇਨਤੀ ਕੀਤੀ।

ਬਾਅਦ ਵਿਚ ਆਪਣੀ ਤੀਜੀ ਮਿਸ਼ਨਰੀ ਯਾਤਰਾ ਤੇ ਪੌਲੁਸ ਨੇ ਯਰੂਸ਼ਲਮ ਦੇ ਗਰੀਬ ਸੰਤਾਂ ਲਈ ਗੈਰਕੌਮ ਕਲੀਸੀਆਵਾਂ ਤੋਂ ਚੰਦਾ ਇਕੱਠਾ ਕੀਤਾ (ਵੇਖੋ ਕਰਤੱਬ 24:17; 1 ਕੁਰਿੰਥੀਆਂ 16:1–4; 2 ਕੁਰਿੰਥੀਆਂ 8; 9)। ਰਸੂਲ ਨੇ ਇਕ ਵਾਰ ਫੇਰ ਤੋਂ ਯਿਸੂ ਨੂੰ ਇਹ ਕਹਿੰਦਿਆਂ ਦੁਹਰਾਇਆ, ''ਲੈਣ ਨਾਲੋਂ ਦੇਣਾ ਮੁਬਾਰਕ ਹੈ'' (ਕਰਤੱਬ 20:35)। ਉਸ ਨੇ ਇਹ ਵੀ ਸਮਝਾਇਆ ਕਿ ਗੈਰਕੌਮਾਂ ਨੇ

ਯਹੂਦੀਆਂ ਤੋਂ ਰੂਹਾਨੀ ਬਰਕਤਾਂ ਹਾਸਲ ਕੀਤੀਆਂ ਸਨ ਇਸ ਕਰਕੇ ਗੈਰਕੌਮਾਂ ਲਈ ਵੀ ਯਹੂਦੀਆਂ ਦੀ ਮਾਲੀ ਮਦਦ ਕਰਨਾ ਬਿਲਕੁਲ ਸਹੀ ਸੀ (ਰੋਮੀਆਂ 15:26, 27)। ਗਰੀਬਾਂ, ਖ਼ਾਸ ਕਰਕੇ ਗਰੀਬ ਮਸੀਹੀਆਂ ਲਈ ਪੌਲੁਸ ਦੀ ਚਿੰਤਾ ਨੇ ਉਸ ਨੂੰ ਆਪਣੀ ਹੀ ਸਿੱਖਿਆ ਉੱਤੇ ਚੱਲਣ ਲਈ ਮਜਬੂਰ ਕੀਤਾ: ''ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿਜ ਕਰਕੇ ਨਿਹਚਾਵਾਨਾਂ ਦੇ ਨਾਲ'' (6:10)।

## ਪਤਰਸ ਨਾਲ ਪੌਲੁਸ ਦਾ ਸਾਹਮਣਾ (2:11-21)

### ਗੈਰਕੌਮਾਂ ਨੂੰ ਯਹੂਦੀਆਂ ਵਾਂਗ ਰਹਿਣ ਲਈ ਮਜਬੂਰ ਕਰਨਾ (2:11-14)

**[11]ਪਰ ਜਾਂ ਕੇਫ਼ਾਸ ਅੰਤਾਕਿਯਾ ਨੂੰ ਆਇਆ ਤਾਂ ਮੈਂ ਉਹ ਦੇ ਮੂੰਹ ਉੱਤੇ ਉਹ ਦਾ ਸਾਹਮਣਾ ਕੀਤਾ ਕਿਉਂ ਜੋ ਉਹ ਤਾਂ ਦੋਸ਼ੀ ਠਹਿਰਿਆ ਸੀ। [12]ਇਸ ਲਈ ਕਿ ਉਸ ਤੋਂ ਅਗੇ ਜੋ ਕਈਕੁ ਜਣੇ ਯਾਕੂਬ ਦੀ ਵੱਲੋਂ ਆਏ ਉਹ ਪਰਾਈ ਕੌਮ ਵਾਲਿਆਂ ਦੇ ਨਾਲ ਖਾਂਦਾ ਹੁੰਦਾ ਸੀ ਪਰ ਜਾਂ ਓਹ ਆਏ ਤਾਂ ਸੁੰਨਤੀਆਂ ਦੇ ਡਰ ਦੇ ਮਾਰੇ ਉਹ ਪਿਛਾਹਾਂ ਹਟ ਗਿਆ ਅਤੇ ਆਪਣੇ ਆਪ ਨੂੰ ਅੱਡ ਕੀਤਾ। [13]ਅਤੇ ਬਾਕੀ ਯਹੂਦੀਆਂ ਨੇ ਵੀ ਉਹ ਦੇ ਨਾਲ ਦੁਰੰਗੀ ਕੀਤੀ ਐਥੋਂ ਤੀਕ ਜੋ ਬਰਨਬਾਸ ਵੀ ਉਨ੍ਹਾਂ ਦੀ ਦੁਰੰਗੀ ਨਾਲ ਭਰਮਾਇਆ ਗਿਆ। [14]ਪਰ ਜਾਂ ਮੈਂ ਵੇਖਿਆ ਜੋ ਓਹ ਇੰਜੀਲ ਦੀ ਸਚਿਆਈ ਦੇ ਅਨੁਸਾਰ ਸਿੱਧੀ ਚਾਲ ਨਹੀਂ ਚੱਲਦੇ ਹਨ ਤਾਂ ਸਭਨਾਂ ਦੇ ਅੱਗੇ ਕੇਫ਼ਾਸ ਨੂੰ ਆਖਿਆ ਭਈ ਜਦੋਂ ਤੂੰ ਯਹੂਦੀ ਹੋ ਕੇ ਪਰਾਈਆਂ ਕੌਮਾਂ ਦੀ ਰੀਤ ਉੱਤੇ ਚੱਲਦਾ ਹੈਂ ਅਤੇ ਯਹੂਦੀਆਂ ਦੀ ਰੀਤ ਉੱਤੇ ਨਹੀਂ ਤਾਂ ਤੂੰ ਕਿਵੇਂ ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ ਬਦੋਬਦੀ ਚਲਾਉਂਦਾ ਹੈਂ?**

ਉਹ ਸਮਾਂ ਜਦੋਂ ਪੌਲੁਸ ਅਤੇ ਪਤਰਸ ਵਿਚਕਾਰ ਇਹ ਝਗੜਾ ਹੋਇਆ ਪੂਰੇ ਖ਼ਤ ਦੇ ਸਭ ਤੋਂ ਝਗੜੇ ਵਾਲੇ ਸਵਾਲਾਂ ਵਿੱਚੋਂ ਇਕ ਹੈ; ਇਸ ਦਾ ਸਬੰਧ ਖ਼ਤ ਦੀ ਮਿਤੀ ਅਤੇ ਰਸੂਲਾਂ ਦੇ ਕਰਤੱਬ ਵਿਚ ਲੂਕਾ ਦੇ ਵਿਰਤਾਂਤ ਨਾਲ ਮੇਲ ਖਾਣ ਦੀ ਮੁਸ਼ਕਿਲ ਨਾਲ ਹੈ। ਘਟਨਾਵਾਂ ਦੀ ਲੂਕਾ ਦੀ ਤਰਤੀਬ ਪੌਲੁਸ ਦੀ ਜ਼ਿੰਦਗੀ ਅਤੇ ਕੰਮਾਂ ਦਾ ਪੂਰਾ ਵੇਰਵਾ ਹੋਣ ਦਾ ਦਾਅਵਾ ਨਹੀਂ ਕਰਦੀ, ਫਿਰ ਵੀ ਇਹ ਘਟਨਾਵਾਂ ਨੂੰ ਸਿਲਸਿਲੇਵਾਰ (ਜਾਂ ਤਰਕਸੰਗਤ ਤਰਤੀਬ ਵਿਚ) ਰੱਖਣ ਦਾ ਦਾਅਵਾ ਕਰਦੀ ਹੈ।

ਇਸੇ ਤਰ੍ਹਾਂ ਨਾਲ ਪੌਲੁਸ ਨੇ ਗਲਾਤੀਆਂ 1 ਅਤੇ 2 ਦੀਆਂ ਘਟਨਾਵਾਂ ਨੂੰ ਤਰਤੀਬੱਧ ਢੰਗ ਨਾਲ ਲਿਖਿਆ। ਉਸ ਨੇ ਇਨ੍ਹਾਂ ਘਟਨਾਵਾਂ ਦਾ ਵੇਰਵਾ ਦਿੱਤਾ: (1) ਉਸ ਦੀ ਰੱਬੀ ਬੁਲਾਹਟ ਅਤੇ ਅਰਬ ਅਤੇ ਦਮਿਸ਼ਕ ਵਿਚ ਕੰਮ (1:15–17); (2) ਯਰੂਸ਼ਲਮ ਵਿਚ ''ਤਿੰਨ ਵਰ੍ਹਿਆਂ ਦੇ ਪਿੱਛੋਂ'' ਉਸ ਦਾ ਜਾਣਾ (1:18); (3) ਤਰਸੁਸ ਅਤੇ ਅੰਤਾਕੀਆ ਵਿਚ ''ਸੂਰੀਆ ਅਤੇ ਕਿਲਿਕੀਆ ਦੇ ਇਲਾਕਿਆਂ ਵਿਚ'' ਉਸ ਦਾ ਕੰਮ (1:21); (4) ''ਚੌਦਾਂ ਵਰ੍ਹਿਆਂ ਦੇ ਪਿੱਛੋਂ'' ਉਸ ਦਾ ਯਰੂਸ਼ਲਮ ਜਾਣਾ (2:1); ਅਤੇ ਅਖ਼ੀਰ ਵਿਚ (5) ਅੰਤਾਕੀਆ ਵਿਚ ਰਹਿੰਦਿਆਂ ਉਸ ਦਾ ਪਤਰਸ ਨੂੰ ਡਾਂਟਣਾ (2:11)।

ਰਸੂਲਾਂ ਦੇ ਕਰਤੱਬ ਵਿਚ ਭਾਵੇਂ ਪਤਰਸ ਨਾਲ ਪੌਲੁਸ ਦੇ ਟਕਰਾਅ ਦਾ ਕੋਈ ਵਰਣਨ ਨਹੀਂ ਹੈ ਪਰ ਉਸ ਕਿਤਾਬ ਵਿਚ ਸਾਨੂੰ ਉਨ੍ਹਾਂ ਮੌਕਿਆਂ ਦਾ ਪਤਾ ਲਗਦਾ ਹੈ ਜਦੋਂ ਪੌਲੁਸ ਅੰਤਾਕੀਆ ਵਿਚ ਸੀ। ਆਪਣੀ ਮਨਬਦਲੀ ਦੇ ਬਾਅਦ, ਯਰੂਸ਼ਲਮ ਵਿਚ ਪਹਿਲੀ ਵਾਰ ਜਾਣ ਤੋਂ ਬਾਅਦ ਰਸੂਲਾਂ ਦੇ ਕਰਤੱਬ 9:26–30 ਅਤੇ ਗਲਾਤੀਆਂ 1:18 ਦੋਹਾਂ ਵਿਚ ਸੰਕੇਤ ਹੈ ਕਿ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀਆਂ ਨੇ ਉਸ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਕਰਕੇ ਭਾਈਆਂ ਨੇ ਉਸ ਨੂੰ ਆਪਣੇ ਜੱਦੀ ਸ਼ਹਿਰ ਤਰਸੁਸ ਨੂੰ ਭੇਜ ਦਿੱਤਾ ਸੀ। ਅਗਲੇ ਸਮਿਆਂ ਦਾ ਜਦੋਂ ਪੌਲੁਸ ਅੰਤਾਕੀਆ

ਵਿਚ ਸੀ, ਜ਼ਿਕਰ ਇਨ੍ਹਾਂ ਹਵਾਲਿਆਂ ਵਿਚ ਕੀਤਾ ਗਿਆ ਹੈ:

*ਰਸੂਲਾਂ ਦੇ ਕਰਤੱਬ 11:25, 26– ਇਹ ਮੌਕਾ ਅੰਤਾਕੀਆ ਵਿਚ ਉਸ ਦੇ ਮੁੱਢਲੇ ਕੰਮ ਦੌਰਾਨ ਸੀ।* ਕੈਸਰੀਆ ਵਿਚ ਕੁਰਨੇਲਿਉਸ ਦੀ ਅਹਿਮ ਮਨਬਦਲੀ ਦੇ ਬਾਅਦ ਬਰਨਬਾਸ ਅੰਤਾਕੀਆ ਦੀ ਕਲੀਸੀਆ ਦੇ ਨਵੇਂ ਨਵੇਂ ਸ਼ੁਰੂ ਹੋਏ ਕੰਮ ਵਿਚ ਮਦਦ ਲਈ ਪੌਲੁਸ ਨੂੰ ਤਰਸੁਸ ਤੋਂ ਲੈ ਆਇਆ। ਇੱਥੇ ਉਸ ਮੁੱਢਲੇ ਵੱਡੇ ਕੰਮ ਵਿਚ ਜਿਹੜਾ ਸਾਫ਼ ਤੌਰ ਤੇ ਯਹੂਦੀ/ਗੈਰਕੌਮ ਪਹਿਲੀ ਰਲੀ ਮਿਲੀ ਮੰਡਲੀ ਸੀ, ਵਿਚ ਦੋਵੇਂ ਜਣੇ ਲੱਗੇ ਹੋਏ ਸਨ। ਇਹ ਕੰਮ ''ਇਕ ਪੂਰਾ ਸਾਲ'' ਚੱਲਿਆ ਅਤੇ ''ਅੰਤਾਕੀਆ ਵਿਚ ਹੀ ਪਹਿਲਾਂ ਚੇਲੇ ਮਸੀਹੀ ਅਖਵਾਏ'' (ਕਰਤੱਬ 11:26)।[21]

*ਰਸੂਲਾਂ ਦੇ ਕਰਤੱਬ 12:25–13:3–ਰਸੂਲਾਂ ਦੇ ਕਰਤੱਬ 11:29, 30 ਯਰੂਸ਼ਲਮ ਵਿਚ ਅੰਤਾਕੀਆ ਤੋਂ ਆਈ ਮਾਲੀ ਰਾਹਤ ਦੇਣ ਦੇ ਬਾਅਦ ਪੌਲੁਸ ਅਤੇ ਬਰਨਬਾਸ ਅੰਤਾਕੀਆ ਵਿਚ ਵਾਪਸ ਚਲੇ ਗਏ,* ਜਿੱਥੋਂ ਉਹ ਯੂਹੰਨਾ ਮਰਕੁਸ ਦੇ ਮਾਸੀ ਦੇ ਪੁੱਤ ਭਰਾ ਬਰਨਬਾਸ ਨੂੰ ਆਪਣੇ ਨਾਲ ਲੈ ਆਇਆ। ਅਫ਼ਸੋਸ ਕਿ ਵਚਨ ਵਿਚ ਇਹ ਨਹੀਂ ਲਿਖਿਆ ਕਿ ਇਸ ਦੌਰਾਨ ਕਿਨਾਂ ਸਮਾਂ ਬੀਤਿਆ। ਵਚਨ ਇਹ ਸੰਕੇਤ ਦਿੰਦਾ ਹੈ ਕਿ ਅੰਤਾਕੀਆ ਵਿਚ ਹੀ ਪੌਲੁਸ ਅਤੇ ਬਰਨਬਾਸ ਨੂੰ ਪਹਿਲੀ ਮਿਸ਼ਨਰੀ ਯਾਤਰਾ ਤੇ ਜਾਣ ਲਈ ਬੁਲਾਇਆ ਗਿਆ ਸੀ।

*ਰਸੂਲਾਂ ਦੇ ਕਰਤੱਬ 14:26–28– ਜਦ ਪਹਿਲੀ ਮਿਸ਼ਨਰੀ ਯਾਤਰਾ ਖਤਮ ਹੋਣ ਵਾਲੀ ਸੀ ਤਾਂ ਪੌਲੁਸ ਅਤੇ ਬਰਨਬਾਸ ਅੰਤਾਕੀਆ ਨੂੰ ਵਾਪਸ ਚਲੇ ਗਏ।* ਆਪਣੀ ਰਿਪੋਰਟ ਦੇਣ ਦੇ ਬਾਅਦ ''ਉਹ ਚੇਲਿਆਂ ਦੇ ਨਾਲ ਬਹੁਤ ਚਿਰ ਠਹਿਰੇ'' (ਕਰਤੱਬ 14:28)। ਉਨ੍ਹਾਂ ਦੇ ਰਹਿਣ ਦੇ ਦੌਰਾਨ ਜਾਂ ਇਸ ਦੇ ਅਖ਼ੀਰ ਦੇ ਨੇੜੇ ''ਕਈ ਆਦਮੀ ਯਹੂਦੀਆ ਤੋਂ ਆਣ ਕੇ ਭਾਈਆਂ ਨੂੰ ਸਿਖਾਲਣ ਲੱਗੇ ਕਿ ਜੇ ਮੂਸਾ ਦੀ ਰੀਤ ਦੇ ਅਨੁਸਾਰ ਤੁਹਾਡੀ ਸੁੰਨਤ ਨਾ ਕਰਾਈ ਜਾਵੇ ਤਾਂ ਤੁਹਾਡੀ ਮੁਕਤੀ ਨਹੀਂ ਹੋ ਸੱਕਦੀ'' (ਕਰਤੱਬ 15:1)। ਇਸ ਝੂਠੀ ਸਿੱਖਿਆ ਕਰਕੇ ਹੀ ਯਰੂਸ਼ਲਮ ਦੀ ਸਭਾ ਬੁਲਾਈ ਗਈ ਸੀ ਜਿਹਦੇ ਬਾਅਦ ਪੌਲੁਸ ਅਤੇ ਬਰਨਬਾਸ ਨੇ ਦੱਸਿਆ (ਕਰਤੱਬ 15:12)। ਪਤਰਸ ਅਤੇ ਯਾਕੂਬ ਦੋਹਾਂ ਨੇ ਗੜਬੜ ਕਰਨ ਵਾਲਿਆਂ ਦੇ ਖਿਲਾਫ਼ ਗਵਾਹੀ ਦਿੱਤੀ (ਕਰਤੱਬ 15:6–11, 13–21), ਅਤੇ ਉਨ੍ਹਾਂ ਦੀ ਗਵਾਹੀ ਨਾਲ ਅੰਤਾਕੀਆ, ਸੁਰੀਆ ਅਤੇ ਕਿਲਿਕਿਆ ਦੀਆਂ ਕਲੀਸੀਆਵਾਂ ਦੇ ਨਾਂ ਉੱਥੇ ਇਕੱਠੇ ਹੋਏ ਲੋਕਾਂ ਦੀ ਤਰਫ਼ੋਂ ਇਕ ਖ਼ਤ ਲਿਖਿਆ ਗਿਆ। ਖ਼ਤ ਵਿਚ ਲਿਖਿਆ ਗਿਆ: ''ਜਾਂ ਅਸਾਂ ਸੁਣਿਆ ਜੋ ਕਈ ਸਾਡੇ ਵਿੱਚੋਂ ਨਿੱਕਲੇ ਜਿਨ੍ਹਾਂ ਤੁਹਾਡੇ ਮਨਾਂ ਨੂੰ ਵਿਗਾੜ ਕੇ ਤੁਹਾਨੂੰ ਗੱਲਾਂ ਨਾਲ ਘਬਰਾ ਦਿੱਤਾ ਪਰ ਅਸਾਂ ਉਨ੍ਹਾਂ ਨੂੰ ਕੋਈ ਹੁਕਮ ਨਹੀਂ ਦਿੱਤਾ'' (ਕਰਤੱਬ 15:24)।

ਉੱਪਰ ਦੱਸੀਆਂ ਗਈਆਂ ਮੁਲਾਕਾਤਾਂ ਦਾ ਸਮਾਂ ਸੰਭਵ ਤੌਰ ਤੇ ਉਹ ਸਮਾਂ ਸੀ, ਜਦੋਂ ਪੌਲੁਸ ਨੇ ਪਤਰਸ ਦਾ ਸਾਹਮਣਾ ਕੀਤਾ ਸੀ। ਉਸ ਦੇ ਬਾਅਦ ਦੀਆਂ ਮੁਲਾਕਾਤਾਂ ਦਾ ਪਤਾ ਨਹੀਂ ਹੈ ਕਿਉਂ ਜੋ ਪਤਰਸ ਰਸੂਲਾਂ ਦੇ ਕਰਤੱਬ 15:7–11 ਵਿਚ ਯਰੂਸ਼ਲਮ ਦੀ ਸਭਾ ਦੀ ਆਪਣੀ ਜ਼ੋਰਦਾਰ ਗਵਾਹੀ ਤੋਂ ਐਨਾਂ ਥੱਲੇ ਨਹੀਂ ਡਿੱਗ ਸਕਦਾ ਸੀ।

*ਰਸੂਲਾਂ ਦੇ ਕਰਤੱਬ 15:30–35–ਯਰੂਸ਼ਲਮ ਦੀ ਸਭਾ ਦੇ ਬਾਅਦ ਪੌਲੁਸ, ਬਰਨਬਾਸ, ਯੂਹੰਨਾ ਜੋ ਮਰਕੁਸ ਅਖਵਾਉਂਦਾ ਹੈ, ਸੀਲਾਸ ਅਤੇ ਹੋਰ ਲੋਕ ਰਸੂਲਾਂ ਅਤੇ ਯਰੂਸ਼ਲਮ ਦੇ ਬਜ਼ੁਰਗਾਂ ਦੇ ਫ਼ੈਸਲੇ ਨੂੰ ਸੁਣਾਉਂਦੇ ਹੋਏ ਅੰਤਾਕੀਆ ਵਿਚ ਵਾਪਸ ਚਲੇ ਗਏ।* ਫਿਰ ਉਹ ''ਅੰਤਾਕੀਆ ਵਿਚ ਰਹਿ ਕੇ ਹੋਰ ਬਹੁਤਿਆਂ ਦੇ ਨਾਲ ਪ੍ਰਭੂ ਦਾ ਵਚਨ ਸਿਖਾਲਦੇ ਅਤੇ ਉਹ ਦੀ ਖੁਸ਼ਖਬਰੀ ਸੁਣਾਉਂਦੇ ਸਨ'' (ਕਰਤੱਬ 15:35)। ਉਸ ਵਕਤ ਪੌਲੁਸ ਅਤੇ ਬਰਨਬਾਸ ਦੀ ਯੂਹੰਨਾ ਮਰਕੁਸ ਕਾਰਨ ਨਰਾਜ਼ਗੀ ਸੀ। ਪੌਲੁਸ ਨੇ ਸੀਲਾਸ ਨੂੰ ਚੁਣਿਆ ਅਤੇ ਦੂਜੀ ਮਿਸ਼ਨਰੀ ਯਾਤਰਾ ਤੇ ਨਿੱਕਲ ਗਿਆ ਜਦਕਿ ਬਰਨਬਾਸ ਨੇ ਯੂਹੰਨਾ ਮਰਕੁਸ ਨੂੰ ਚੁਣਿਆ ਅਤੇ ਕੁਪਰੁਸ ਨੂੰ ਚਲਿਆ ਗਿਆ (ਕਰਤੱਬ 15:36–41)।

*ਰਸੂਲਾਂ ਦੇ ਕਰਤੱਬ 18:22, 23– ਦੱਖਣੀ ਗਲਾਤੀਆ ਦੀਆਂ ਕਲੀਸੀਆ ਵਿਚ ਦੋਬਾਰਾ ਤੋਂ*

*ਸ਼ੁਰੂ ਸ਼ੁਰੂ ਵਿਚ ਜਾਣ ਦੇ ਬਾਅਦ (ਕਰਤੱਬ 16:1–5) ਪੌਲੁਸ ਅਤੇ ਸੀਲਾਸ ਤ੍ਰੋਆਸ ਵਿਚ ਮਕਦੂਨੀਆ ਅਤੇ ਅਖਾਇਆ ਦੇ ਵਿੱਚੋਂ ਦੀ ਹੁੰਦੇ ਹੋਏ ਦੱਖਣ ਵੱਲ ਚਲੇ ਗਏ (ਅਥੇਨੇ ਅਤੇ ਕੁਰਿੰਥੁਸ)।* ਕੁਰਿੰਥੁਸ ਵਿਚ ''ਡੂਢ ਬਰਸ'' ਕੱਟਣ ਦੇ ਬਾਅਦ (ਕਰਤੱਬ 18:11), ਪੌਲੁਸ ਕਿੰਖਰੀਆ ਤੋਂ ਜਹਾਜ਼ ਵਿਚ ਅਫ਼ਸੁਸ ਨੂੰ ਗਿਆ (ਏਸ਼ੀਆ ਮਾਈਨਰ ਦੇ ਕੰਢੇ ਤੇ), ਅਤੇ ਉੱਥੋ ਕੈਸਰੀਆ ਨੂੰ ਗਿਆ (ਜਿੱਥੇ ਗੈਰਕੌਮ ਮਿਸ਼ਨ ਦੀ ਸ਼ੁਰੂਆਤ ਹੋਈ ਸੀ)। ਉੱਥੋਂ ਉਹ ਭਾਈਆਂ ਨਾਲ ਮਿਲਣ ਯਰੂਸ਼ਲਮ ਨੂੰ ਗਿਆ ਅਤੇ ਫਿਰ ਅੰਤਾਕੀਆ ਵਿਚ ਮੁੜ ਆਇਆ ਅਤੇ ''ਉੱਥੇ ਕੁਝ ਚਿਰ'' ਰਿਹਾ (ਕਰਤੱਬ 18:18–23)।

ਫੇਰ ਅੰਤਾਕੀਆ ਤੋਂ ਜਾਣ ਤੋਂ ਬਾਅਦ ਇਸ ਵਾਰ ਆਪਣੀ ਤੀਜੀ ਮਿਸ਼ਨਰੀ ਯਾਤਰਾ ਤੇ ਪੌਲੁਸ ''ਗਲਾਤਿਆ ਅਤੇ ਫ਼ਰੁਗਿਆ ਦੇ ਦੇਸ ਵਿਚ ਥਾਂ ਥਾਂ ਫਿਰ ਕੇ ਸਾਰਿਆਂ ਚੇਲਿਆਂ ਨੂੰ ਤਕੜਾ ਕਰਦਾ ਗਿਆ'' (ਕਰਤੱਬ 18:23)। ਅਫ਼ਸੁਸ ਵਿਚ ਕੰਮ ਕਰਦਿਆਂ ਉਸ ਨੇ ਕਾਫ਼ੀ ਸਮਾਂ ''ਤਿੰਨ ਵਰ੍ਹਿਆਂ ਤੀਕੁਰ'' ਬਿਤਾਇਆ (ਕਰਤੱਬ 20:31)। ਮਕਦੂਨੀਆ ਅਤੇ ਅਖਾਇਆ ਦੀਆਂ ਕਲੀਸੀਆਵਾਂ ਵਿਚ ਜਾਣ ਤੋਂ ਬਾਅਦ ਉਹ ਸੂਰ ਅਤੇ ਤੁਲਮਾਇਸ ਵਿਚ ਰੁਕ ਕੇ ਅਖ਼ੀਰ ਕੈਸਰੀਆ ਵਿਚ ਜਾ ਟਿਕਿਆ। ਫਿਰ ਪੌਲੁਸ ਯਰੂਸ਼ਲਮ ਵਿਚ ਉੱਪਰ ਵੱਲ ਨੂੰ ਗਿਆ ਜਿੱਥੇ ਉਸ ਨੂੰ ਫੜ੍ਹ ਲਿਆ ਗਿਆ ਅਤੇ ਅੰਤਾਕੀਆ ਵਿਚ ਆਪਣੀ ਮਦਦ ਕਰਨ ਵਾਲੀ ਕਲੀਸੀਆ ਕੋਲ ਮੁੜਨ ਤੋਂ ਰੋਕ ਦਿੱਤਾ ਗਿਆ। ਰਸੂਲ ਨੂੰ ਅਖ਼ੀਰ ਵਿਚ ਰੋਮ ਲਿਜਾਇਆ ਗਿਆ ਜਿੱਥੇ ਉਸ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਬੇਸ਼ੱਕ ਸਬੂਤ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਉਸ ਨੂੰ ਛੱਡ ਦਿੱਤਾ ਗਿਆ ਸੀ ਪਰ ਸਾਨੂੰ ਹੋਰ ਕਿਸੇ ਮੌਕੇ ਦਾ ਪਤਾ ਨਹੀਂ ਹੈ ਕਿ ਉਹ ਸੂਰੀਆ/ਫਲਸਤੀਨ ਵਿਚ ਕਦੋਂ ਮੁੜਿਆ ਹੋਵੇਗਾ। ਇਸ ਕਰਕੇ ਹੋ ਸਕਦਾ ਹੈ ਕਿ ਇਸ ਜ਼ਿੰਦਗੀ ਵਿਚ ਉਹ ਦੋਬਾਰਾ ਅੰਤਾਕੀਆ ਦੇ ਆਪਣੇ ਭਰਾਵਾਂ ਨੂੰ ਕਦੇ ਨਾ ਮਿਲਿਆ ਹੋਵੇ।

ਇਨ੍ਹਾਂ ਸੰਭਾਵਨਾਵਾਂ ਦੀ ਸਮੀਖਿਆ ਕਰਕੇ ਕਿ ਪੌਲੁਸ ਨੇ ਅੰਤਾਕੀਆ ਵਿਚ ਪਤਰਸ ਦਾ ਸਾਹਮਣਾ ਕਦੋਂ ਕੀਤਾ ਸੀ, ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ ਦੇ ਬਾਅਦ ਤੀਜਾ ਬਦਲ ਸਭ ਤੋਂ ਸੰਭਵ ਲਗਦਾ ਹੈ। ਯਹੂਦੀ ਮਸੀਹੀ ਐਨੇ ਸਾਰੇ ਗੈਰਕੌਮਾਂ ਨੂੰ ਵੇਖ ਜਿਸ ਵਿਚ ਇਸ ਤੋਂ ਪਹਿਲਾਂ ਜ਼ਿਆਦਾਤਰ ਯਹੂਦੀ ਕਲੀਸੀਆ ਦਾ ਹੀ ਦਬਦਬਾ ਸੀ, ਕਿਸੇ ਵੀ ਹੋਰ ਗੱਲ ਨਾਲੋਂ ਵਧਕੇ ਇਸ ਵਕਤ ਗੈਰਕੌਮ ਮਿਸ਼ਨ ਦੀ ਗੱਲ ਸਮਝ ਆਉਂਦੀ ਹੈ। ਸ਼ਾਇਦ ਇਨ੍ਹਾਂ ਯਹੂਦੀ ਮਸੀਹੀਆਂ ਨੂੰ ਖ਼ਤਰਾ ਸੀ ਕਿ ਗੈਰਕੌਮ ਉਨ੍ਹਾਂ ਦੀ ਯਹੂਦੀ ਪਛਾਣ ਨੂੰ ਦਬਾਅ ਕੇ ਖ਼ਤਮ ਨਾ ਕਰ ਦੇਣ।

**ਆਇਤ 11. ਅੰਤਾਕੀਆ** ਨੂੰ ਯੂਨਾਨੀ ਹਕੂਮਤ ਦੀ ਫੁੱਟ ਦੇ ਬਾਅਦ ਸਿਕੰਦਰ ਮਹਾਨ ਦੇ ਇਕ ਜਰਨੈਲ ਸਿਲੁਕਸ ਨੇ 300 ਦੇ ਲਗਭਗ ਓਰੰਟਸ ਦਰਿਆ ਦੇ ਕੰਢੇ[22] ਵਸਾਇਆ ਸੀ (ਵੇਖੋ ਦਾਨੀਏਲ 8:8, 21, 22)। ਇਹ ਸਿਲਿਉਡਸ (ਸੂਰੀਆ) ਰਾਜ ਦੀ ਸ਼ਾਹੀ ਰਾਜਧਾਨੀ ਬਣ ਗਿਆ। ਇਹ ਸ਼ਹਿਰ ਭੂਮੱਧ ਸਾਗਰ ਤੋਂ ਵੀਹ ਮੀਲ ਦੇ ਕਰੀਬ ਅੰਦਰ ਵੱਲ ਨੂੰ ਸੀ ਜਿਸ ਦੀ ਬੰਦਰਗਾਹ ਸਿਲੁਕਿਆ ਸੀ। ਇਹ ਯਰੂਸ਼ਲਮ ਤੋਂ ਤਿੰਨ ਸੌ ਮੀਲ ਉੱਤਰ ਵੱਲ ਨੂੰ ਸੀ। ਅੰਤਾਕੀਆ ਸ਼ਾਹੀ ਰਾਹ ਉੱਤੇ ਵੱਸਿਆ ਹੋਇਆ ਸੀ ਜਿਹੜਾ ਪੂਰਬ ਵਿਚ ਤਿਗਰਸ ਦਰਿਆ ਤੇ ਸਿਲੁਕਿਆ ਤੋਂ ਸ਼ੁਰੂ ਹੋ ਕੇ ਸ਼ਹਿਰ ਵਿੱਚੋਂ ਦੀ ਕਿਲਕਿਆ ਦੇ ਤਰਸੁਸ ਅਤੇ ਪੱਛਮ ਵਿਚ ਏਜੀਅਨ ਸਮੁੰਦਰ ਕੋਲ ਅਫਸੁਸ ਤਕ ਜਾਂਦਾ ਸੀ। ਅੰਤਾਕੀਆ ਦੇ ਮਹਾਨਗਰ ਹੋਣ ਦੇ ਨਾਲ ਨਾਲ ਉਸ ਦੀ ਭੂਗੋਲਿਕ ਸਥਿਤੀ ਕਰਕੇ ਉਸ ਵਿਚ ਕਾਰੋਬਾਰ ਤੋਂ ਕਾਫ਼ੀ ਦੌਲਤ ਹੁੰਦੀ ਸੀ।

ਪਹਿਲੀ ਸਦੀ ਤਕ, ਅੰਤਾਕੀਆ ਰੋਮ ਅਤੇ ਸਿਕੰਦਰੀਆ ਤੋਂ ਬਾਅਦ ਰੋਮੀ ਹਕੂਮਤ ਦਾ ਤੀਜਾ ਪ੍ਰਮੁੱਖ ਨਗਰ ਸੀ। ਇਸ ਵਿਚ ਸਥਾਨਕ ਸੀਰੀਆਈ, ਯੂਨਾਨੀ, ਰੋਮੀ, ਅਤੇ ਯਹੂਦੀ ਲੋਕ ਰਹਿੰਦੇ ਸਨ। ਸ਼ਹਿਰ ਵਿਚ ਸਿਕੰਦਰੀਆ (7,00,000 ਕਿਤਾਬਾਂ) ਅਤੇ ਪਰਗਮੁਮ (2,00,000 ਕਿਤਾਬਾਂ) ਜਿੰਨੀ ਵੱਡੀ ਲਾਇਬ੍ਰੇਰੀ ਸੀ। ਅੰਤਾਕੀਆ ਖ਼ੂਬਸੂਰਤ ਸੀ ਕਿਉਂ ਜੋ ਇਸ ਵਿਚ ਪਾਣੀ ਬਹੁਤ ਸੀ ਜੋ ਡੈਫ਼ਨੀ ਦੇ ਕੁਦਰਤੀ ਚਸ਼ਮਿਆਂ ਵਿੱਚੋਂ ਆਉਂਦਾ ਸੀ। ਪੰਜ ਮੀਲ ਦੱਖਣ ਵੱਲ ਵਧਿਆ ਇਹ ਉਪਨਗਰ

ਮਨਪਰਚਾਵੇ ਦਾ ਮਸ਼ਹੂਰ ਸਥਾਨ ਸੀ।[23]

ਅੰਤਾਕੀਆ ਖੁਸ਼ਖ਼ਬਰੀ ਅਤੇ ਗੈਰਕੌਮ ਮਿਸ਼ਨ ਦੇ ਵਿਸਤਾਰ ਲਈ ਆਦਰਸ਼ ਥਾਂ ਸੀ। ਕੈਸਰੀਆ ਵਿਚ ਭਾਵੇਂ ਕੁਰਨੇਲਿਉਸ ਅਤੇ ਉਸ ਦਾ ਘਰਾਣਾ ਗੈਰਕੌਮਾਂ ਵਿੱਚੋਂ ਬਦਲਣ ਵਾਲੇ ਸਭ ਤੋਂ ਪਹਿਲੇ ਸਨ (ਕਰਤੱਬ 10:1—11:18), ਪਰ ਗੈਰਕੌਮ ਮਿਸ਼ਨ ਤੇਜ਼ੀ ਨਾਲ ਵਧਣਾ ਅੰਤਾਕੀਆ ਵਿਚ ਹੀ ਸ਼ੁਰੂ ਹੋਇਆ। ਬਰਨਬਾਸ ਅਤੇ ਪੌਲੁਸ ਨੇ ਬੜੀ ਕਾਮਯਾਬੀ ਨਾਲ ਇਸ ਦੇ ਨਾਲ ਮਿਲ ਕੇ ਕੰਮ ਕੀਤਾ (ਕਰਤੱਬ 11:19–26)। ਅੰਤਾਕੀਆ ਦੀ ਕਲੀਸੀਆ ਨੇ ਪੌਲੁਸ ਅਤੇ ਬਰਨਬਾਸ ਨੂੰ ਅਕਾਲ ਰਾਹਤ ਦੇ ਕੇ ਯਰੂਸ਼ਲਮ ਭੇਜਿਆ (ਕਰਤੱਬ 11:27–30) ਅਤੇ ਇੱਥੋਂ ਹੀ ਇਨ੍ਹਾਂ ਨੂੰ ਪਹਿਲੀ ਮਿਸ਼ਨਰੀ ਯਾਤਰਾ ਵਿਚ ਭੇਜਿਆ ਗਿਆ (ਕਰਤੱਬ 13:1—14:28)।

ਸ਼ੁਰੂ ਵਿਚ ਯਰੂਸ਼ਲਮ ਦੀ ਕਲੀਸੀਆ ਨੇ ਬਰਨਬਾਸ ਨੂੰ ਅੰਤਾਕੀਆ ਦੀ ਕਲੀਸੀਆ ਵਿਚ ਕੰਮ ਕਰਨ ਭੇਜਿਆ ਸੀ। ਵਿਚ ਕਿਤੇ **ਕੇਫ਼ਾਸ** (ਪਤਰਸ ਉੱਥੇ ਗਿਆ), ਸ਼ਾਇਦ ਉਹ ਵੀ ਕੰਮ ਵਿਚ ਹਿੱਸੇਦਾਰ ਬਣਨ ਦਾ ਚਾਹਵਾਨ ਸੀ। ਲਿਖਤ ਇਹ ਨਹੀਂ ਦੱਸਦੀ ਕਿ ਪਤਰਸ ਅੰਤਾਕੀਆ ਵਿਚ ਕਿੰਨੀ ਦੇਰ ਤਕ ਰਿਹਾ, ਪਰ ਹੋਰਨਾਂ ਨੂੰ ਇਹ ਜਾਣਨ ਵਿਚ ਦੇਰ ਨਹੀਂ ਲੱਗੀ ਸੀ ਕਿ ਉਸ ਨੂੰ ''ਗੈਰਕੌਮਾਂ ਨਾਲ ਖਾਣ ਵਿਚ ਕੋਈ ਝਿਜਕ ਨਹੀਂ ਸੀ।''[24]

ਜਦ ਪਤਰਸ ਗੈਰਕੌਮ ਮਸੀਹੀਆਂ ਤੋਂ ਪਿੱਛੇ ਹਟਿਆ ਤਾਂ ਪੌਲੁਸ ਨੇ **ਉਹਦੇ ਮੂੰਹ ਉੱਤੇ ਉਹਦਾ ਸਾਹਮਣਾ ਕੀਤਾ;** ਉਸ ਨੇ ਪ੍ਰੇਮ ਨਾਲ ਉਹਦਾ ਸਿੱਧੇ ਮੁਕਾਬਲਾ ਕੀਤਾ ਅਤੇ ਉਹਦੀ ਰੂਹ ਦੀ ਫ਼ਿਕਰ ਕੀਤੀ। ਪਤਰਸ ਜਿਹੜਾ ਤਰੀਕਾ ਵਰਤ ਰਿਹਾ ਸੀ ਉਹਦੇ ਕਰਕੇ ਉਹ **ਦੋਸ਼ੀ ਠਹਰਿਆ ਸੀ।** NIV 1984 ਵਿਚ ਕਿਹਾ ਗਿਆ ਹੈ ਕਿ ਉਹ ''ਸਾਫ਼ ਸਾਫ਼ ਗਲਤ ਸੀ।'' ਇਹ ਕਮਜ਼ੋਰ ਅਨੁਵਾਦ (*kataginōskō,* ਕੈਟਾਗਿਨੋਸਕੋ) ਸ਼ਬਦ ਦੀ ਗੰਭੀਰਤਾ ਨੂੰ ਫੜ ਨਹੀਂ ਪਾਉਂਦਾ।[25]

**ਆਇਤ 12.** ਸ਼ਰਧਾਲੂ ਗੈਰਕੌਮਾਂ ਲਈ ਭਾਵੇਂ ਯਹੂਦੀਆਂ ਦੇ ਨਾਲ ਯਹੂਦੀ ਸਮਾਜ (ਸਿਨਾਗੋਗ) ਦੀਆਂ ਬੰਦਗੀਆਂ ਵਿਚ ਭਾਗ ਲੈਣਾ ਆਮ ਗੱਲ ਸੀ। ਪਰ ਯਹੂਦੀ ਲੋਕ ਉਨ੍ਹਾਂ ਨਾਲ ਬੈਠ ਕੇ ਖਾਂਦੇ ਨਹੀਂ ਸਨ। ਪਤਰਸ ਨੇ ਅਲੱਗ ਤਰੀਕਾ ਅਪਣਾਇਆ ਸੀ ਕਿਉਂ ਜੋ ਉਸ ਨੂੰ ਸ਼ਮਊਨ ਖਟੀਕ ਦੇ ਘਰ ਦੀ ਛੱਤ ਤੇ ਦੁਆ ਕਰਦਿਆਂ ਅਸ਼ੁੱਧ ਜਾਨਵਰਾਂ ਨਾਲ ਭਰੀ ਚਾਦਰ ਵਾਲਾ ਦਰਸ਼ਣ ਮਿਲਿਆ ਸੀ (ਕਰਤੱਬ 10:9–16)। ਇਕ ਅਵਾਜ਼ ਨੇ ਉਸ ਨੂੰ ਆਖਿਆ ਸੀ, ''ਜੋ ਕੁਝ ਪਰਮੇਸ਼ੁਰ ਨੇ ਸ਼ੁੱਧ ਕੀਤਾ ਉਹ ਨੂੰ ਤੂੰ ਅਸ਼ੁੱਧ ਨਾ ਕਹੋ'' (ਕਰਤੱਬ 10:15)। ਇਸੇ ਦਰਸ਼ਣ ਦੇ ਬਾਅਦ ਪਤਰਸ ਗੈਰਕੌਮਾਂ ਵਿਚ ਖੁਸ਼ਖ਼ਬਰੀ ਸੁਣਾਉਣ ਲਈ ਕੁਰਨੇਲਿਉਸ ਦੇ ਘਰ ਪਹੁੰਚ ਗਿਆ ਸੀ। ਪਤਰਸ ਨੇ ਉੱਥੇ ਜਮ੍ਹਾ ਹੋਏ ਲੋਕਾਂ ਦੀ ਜਮਾਤ ਨੂੰ ਦੱਸਿਆ ਸੀ ਕਿ ਯਹੂਦੀਆਂ ਲਈ ਬਾਹਰੀ ਲੋਕਾਂ ਨੂੰ ਮਿਲਣਾ ਜਾਂ ਉਨ੍ਹਾਂ ਦੇ ਕੋਲ ਜਾਣਾ ਗੈਰ ਕਨੂੰਨੀ ਸੀ, ਪਰ ਖ਼ੁਦਾ ਨੇ ਉਸ ਨੂੰ ਵਿਖਾਇਆ ਕਿ ''ਕਿਸੇ ਮਨੁੱਖ ਨੂੰ ਅਸ਼ੁੱਧ ਜਾਂ ਭ੍ਰਿਸ਼ਟ'' ਨਹੀਂ ਮੰਨਣਾ ਚਾਹੀਦਾ (ਕਰਤੱਬ 10:28)। ਕੁਨੇਲਿਉਸ ਦੇ ਘਰਾਣੇ ਦੇ ਲੋਕਾਂ ਨੂੰ ਖੁਸ਼ਖ਼ਬਰੀ ਸੁਣਾਉਣ ਅਤੇ ਉਨ੍ਹਾਂ ਨੂੰ ਬਪਤਿਸਮਾ ਦੇਣ ਦੇ ਬਾਅਦ ਪਤਰਸ ਨੂੰ ਕੁਝ ਦਿਨਾਂ ਤਕ ਉਨ੍ਹਾਂ ਦੇ ਨਾਲ ਰਹਿਣ ਦਾ ਸੱਦਾ ਦਿੱਤਾ ਗਿਆ (ਕਰਤੱਬ 10:48)। ਭਾਵੇਂ ਉਹ ਲੋਕ ਗੈਰਕੌਮ ਸਨ ਪਰ ਉਦੋਂ ਉਸ ਨੇ ਉਨ੍ਹਾਂ ਦੇ ਨਾਲ ਖਾਧਾ ਸੀ (ਕਰਤੱਬ 11:3)। ਇਸੇ ਤਰ੍ਹਾਂ, ਅੰਤਾਕੀਆ ਵਿਚ ਰੁਕਣ ਦੌਰਾਨ ਪਤਰਸ **ਪਰਾਈ ਕੌਮ ਵਾਲਿਆਂ ਦੇ ਨਾਲ ਖਾਂਦਾ ਹੁੰਦਾ ਸੀ।**

ਗੈਰਕੌਮਾਂ ਨਾਲ ਪਤਰਸ ਦੀ ਮੇਲ ਦੀ ਸੰਗਤੀ ਅੰਤਾਕੀਆ ਵਿਚ ਉਦੋਂ ਭੰਗ ਹੋ ਗਈ ਜਦੋਂ **ਕਈ ਕੁ ਜਣੇ** ਅੰਤਾਕੀਆ ਵਿਚ ਆਏ। ਉਹ ਜ਼ਾਹਿਰ ਤੌਰ ਤੇ ਯਰੂਸ਼ਲਮ ਤੋਂ ਆਏ ਯਹੂਦੀ ਮਸੀਹੀ ਸਨ, ਜਿਨ੍ਹਾਂ ਦੇ ਮਨ ਵਿਚ ਸ਼ਰ੍ਹਾ ਲਈ ਜਨੂਨ ਸੀ। ਉਨ੍ਹਾਂ ਨੂੰ **ਯਾਕੂਬ ਦੀ ਵੱਲੋਂ ਆਏ** ਦੱਸਿਆ ਗਿਆ ਹੈ ਭਾਵ ਪ੍ਰਭੂ ਦੇ ਭਰਾ ਯਾਕੂਬ ਵੱਲੋਂ (1:19; 2:9)। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਯਾਕੂਬ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਸਨ, ਅਤੇ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਅੰਤਾਕੀਆ ਵਿਚ ਉਸੇ

ਨੇ ਭੇਜਿਆ ਹੋਵੇ, ਪਰ ਇਹ ਕਿਆਫ਼ਾ ਨਹੀਂ ਲਾਉਣਾ ਚਾਹੀਦਾ ਕਿ ਉਸ ਨੇ ਯਹੂਦੀ ਅਤੇ ਗੈਰਕੌਮ ਮਸੀਹੀਆਂ ਵਿਚਕਾਰ ਸਮਾਜਕ ਵਖਰੇਵਾਂ ਕਰਨ ਲਈ ਉਨ੍ਹਾਂ ਨੂੰ ਭੇਜਿਆ ਸੀ। ਬਾਅਦ ਵਿਚ ਯਰੂਸ਼ਲਮ ਦੀ ਸਭਾ ਦੇ ਬਾਅਦ ਲਿਖੇ ਗਏ ਖ਼ਤ ਵਿਚ ਰਸੂਲਾਂ ਅਤੇ ਯਰੂਸ਼ਲਮ ਦੇ ਬਜ਼ੁਰਗਾਂ ਨੇ ਉਨ੍ਹਾਂ ਕੁਝ ਲੋਕਾਂ ਬਾਰੇ ਲਿਖਿਆ ਜਿਹੜੇ ਉਨ੍ਹਾਂ ਵੱਲੋਂ ਹੀ ਗਏ ਸਨ ਪਰ ਜਿਨ੍ਹਾਂ ਨੂੰ ਉਨ੍ਹਾਂ ਨੇ ''ਕੋਈ ਹੁਕਮ ਨਹੀਂ ਦਿੱਤਾ'' (ਕਰਤੱਬ 15:24)।

ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਅੰਤਾਕੀਆ ਵਿਚ ਪੁਜਣ ਤੇ ਪਤਰਸ **ਸੁੰਨਤੀਆਂ ਦੇ ਡਰ ਦੇ ਮਾਰੇ ਉਹ ਪਿਛਾਹਾਂ ਹਟ ਗਿਆ ਅਤੇ ਆਪਣੇ ਆਪ ਨੂੰ ਅੱਡ ਕੀਤਾ।** ਜ਼ਹਿਰ ਹੈ ਕਿ ਜੇ ਉਹ ਗੈਰਕੌਮ ਮਸੀਹੀਆਂ ਨਾਲ ਖਾਂਦਾ ਹੁੰਦਾ ਸੀ ਤਾਂ ਯਹੂਸ਼ਲਮ ਤੋਂ ਆਏ ਯਹੂਦੀ ਮਸੀਹੀਆਂ ਨੇ ਉਸ ਨੂੰ ਅਸ਼ੁੱਧ ਮੰਨਣਾ ਅਤੇ ਉਹਦੇ ਨਾਲ ਮੇਜ਼ ਦੀ ਸੰਗਤੀ ਨਹੀਂ ਕਰਨੀ ਸੀ। ''ਅਸ਼ੁੱਧ'' ਗੈਰਕੌਮਾਂ ਨਾਲ ਖਾਣ ਤੋਂ ਪਰਹੇਜ਼ ਕਰਨ ਨਾਲ ਪਤਰਸ ਨੇ ਆਪਣੇ ਸਾਥੀ ਯਹੂਦੀਆਂ ਵਿਚਕਾਰ ਵਧੇਰੇ ਕਬੂਲੇ ਜਾਣ ਯੋਗ ਹੋ ਜਾਣਾ ਸੀ। ''ਪਿਛਾਹਾਂ ਹਟ ਗਿਆ'' ਲਈ ਯੂਨਾਨੀ ਸ਼ਬਦ (*hupostellō,* ਹੁਪੋਸਟੇਲੋ) ''ਕਿਸੇ ਆੜ ਵਿਚ ਲੁਕ ਕੇ ਲਏ ਗਈ ਪੋਜਿਸ਼ਨ ਲਈ ਓਟ ਜਾਂ ਮੋਰਚਾਬੰਦੀ ਨੂੰ ਵਿਖਾਉਂਦਾ ਫੌਜੀ ਜਾਂ ਸਿਆਸੀ ਸ਼ਬਦ'' ਹੈ।[26]

ਪਤਰਸ ਨਹੀਂ ਚਾਹੁੰਦਾ ਸੀ ਕਿ ਉਸ ਦੇ ਆਪਣੇ ਯਹੂਦੀ ਭਾਈ ਉਸ ਦੀ ਆਲੋਚਨਾ ਕਰਨ ਜਾਂ ਉਸ ਨੂੰ ਸਮਾਜ ਵਿੱਚੋਂ ਕੱਢ ਦੇਣ। ਗੈਰਕੌਮਾਂ ਤੋਂ ਅੱਡ ਹੋਣ ਦੇ ਉਸ ਦੇ ਕੰਮ ਨਾਲ ''ਬੇਸੁੰਨਤੇ ਭਾਈਆਂ ਉੱਤੇ ਅਸ਼ੁੱਧ ਹੋਣ ਦਾ ਧੱਬਾ ਲਗ ਸਕਦਾ ਸੀ।''[27] ਉਸ ਦਾ ਪਿਛਾਹਾਂ ਹਟਣਾ ਉਸ ਦਰਸ਼ਣ ਤੋਂ ਜਿਹੜਾ ਉਸ ਨੂੰ ਖ਼ੁਦਾ ਵੱਲੋਂ ਮਿਲਿਆ ਸੀ, ਕੈਸਰੀਆ ਵਿਚ ਕੁਰਨੇਲਿਉਸ ਦੇ ਘਰ ਉਸ ਦੇ ਕੰਮਾਂ ਨਾਲ ਅਤੇ ਅੰਤਾਕੀਆ ਵਿਚ ਉਸਦੇ ਪਿੱਛਲੇ ਅਮਲ ਨਾਲ ਮੇਲ ਨਹੀਂ ਖਾਂਦਾ ਸੀ।

ਪਤਰਸ ਦੇ ਗੈਰਕੌਮਾਂ ਨਾਲ ਖਾਣ ਦੀ ਗੱਲ ਭਾਵੇਂ ਆਮ ਖਾਣੇ ਦੀ ਗੱਲ ਲਗਦੀ ਹੋਵੇ ਪਰ ਇਸ ਉੱਤੇ ਹੈਰਾਨੀ ਹੁੰਦੀ ਹੈ ਕਿ ਪ੍ਰਭੂ ਭੋਜ ਲੈਣ ਵੇਲੇ ਇਸ ਵਿਹਾਰ ਦਾ ਕਿੰਨਾ ਅਸਰ ਹੋ ਸਕਦਾ ਹੈ। ਭਲਾ ਯਰੂਸ਼ਲਮ ਤੋਂ ਆਏ ਯਹੂਦੀ ਮਸੀਹੀਆਂ ਨੇ ਗੈਰਕੌਮ ਮਸੀਹੀਆਂ ਨਾਲ ਬੰਦਗੀ ਕੀਤੀ ਵੀ? ਉਨ੍ਹਾਂ ਦੇ ਪ੍ਰਭੂ ਦੀ ਮੇਜ਼ ਤੇ ਇਕੱਠਾ ਹੋਣ ਦਾ ਸਮਝ ਆਉਣ ਤੇ ਕੀ ਹੋਇਆ ਹੋਵੇਗਾ?

**ਆਇਤ 13.** ਪਤਰਸ ਇਕ ਰਸੂਲ ਅਤੇ ਕਲੀਸੀਆ ਦਾ ਆਗੂ ਸੀ, ਇਸ ਕਰਕੇ ਉਸ ਦੇ ਕੰਮਾਂ ਨਾਲ **ਬਾਕੀ ਯਹੂਦੀਆਂ ਨੇ ਵੀ ਉਹ ਦੇ ਨਾਲ ਦੁਰੰਗੀ ਕੀਤੀ।** ਅੰਤਾਕੀਆ ਵਿਚ ਰਹਿਣ ਵਾਲੇ ਯਹੂਦੀ ਮਸੀਹੀਆਂ ਨੇ ਜਿਹੜੇ ਪਹਿਲਾਂ ਗੈਰਕੌਮ ਵਿਸ਼ਵਾਸੀਆਂ ਨਾਲ ਮੇਜ਼ ਦੀ ਸੰਗਤੀ ਕਰਦੇ ਹੁੰਦੇ ਸਨ, ਉਨ੍ਹਾਂ ਤੋਂ ਪਿੱਛੇ ਹਟ ਗਏ। ''ਵੀ ... ਦੁਰੰਗੀ ਕੀਤੀ'' ਦਾ ਅਨੁਵਾਦ (*sunupokrinomai,* ਸੁਨੁਪੋਕ੍ਰਿਨੋਮੇ) ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ ''ਵਿਖਾਵਾ'' ਜਾਂ ''ਕਪਟ'' ਦੇ ਸਬੰਧ ਵਿਚ ''ਭੂਮਿਕਾ ਨਿਭਾਉਣ ਦਾ ਬਹਾਨਾ ਬਨਾਉਣ ਵਿਚ ਸਾਥ'' ਦੇਣਾ।[28] ਇਹ ਸ਼ਬਦ ਯੂਨਾਨੀ ਕਲਾਕਾਰਾਂ ਵੱਲ ਪਿੱਛੇ ਲੈ ਜਾਂਦਾ ਹੈ ਜਿਹੜੇ ਵੱਖੋ ਵੱਖ ਭੂਮਿਕਾਵਾਂ ਨਿਭਾਉਣ ਲਈ ਮੁਖੌਟੇ ਪਹਿਨਦੇ ਸਨ।

ਯਹੂਦੀ ਸਮਾਜਕ ਰੀਤਾਂ ਨਾਲ ਮੇਲ ਖਾਣ ਲਈ ਦਬਾਅ ਐਨਾਂ ਜ਼ਿਆਦਾ ਸੀ ਕਿ **ਬਰਨਬਾਸ ਵੀ ਉਨ੍ਹਾਂ ਦੀ ਦੁਰੰਗੀ ਨਾਲ ਭਰਮਾਇਆ ਗਿਆ।** ਇਸ ਤੱਥ ਨੇ ਕਿ ਪੌਲੁਸ ਦਾ ਆਪਣਾ ਵਫ਼ਾਦਾਰ ਸਹਿਕਰਮੀ ਗੈਰਕੌਮਾਂ ਤੋਂ ਅੱਡ ਹੋ ਗਿਆ, ਉਸ ਨੂੰ ਹੈਰਾਨ ਕਰ ਦਿੱਤਾ ਹੋਵੇਗਾ ਅਤੇ ਬੇਹੱਦ ਦੁਖੀ ਵੀ। ਆਖ਼ਰ ਬਰਨਬਾਸ ਦਿਲੇਰੀ ਦੇਣ ਵਾਲੇ ਅਤੇ ਮਸੀਹੀ ਲੋਕਾਂ ਨੂੰ ਮਿਲਾਉਣ ਵਾਲੇ ਦੇ ਰੂਪ ਵਿਚ ਪ੍ਰਸਿੱਧ ਸੀ (ਕਰਤੱਬ 4:36)। ਜਦ ਬਾਕੀ ਸਾਰੇ ਲੋਕ ਡਰੇ ਹੋਏ ਸਨ, ਤਦ ਉਹ ਪੌਲੁਸ (ਸਾਬਕਾ ਸਿਖਾਉਣ ਵਾਲੇ) ਨੂੰ ਰਸੂਲਾਂ ਕੋਲ ਲੈ ਕੇ ਆਇਆ ਸੀ ਤਾਂ ਜੋ ਉਹਦੀ ਸੰਗਤੀ ਯਰੂਸ਼ਲਮ ਦੀ ਕਲੀਸੀਆ ਨਾਲ ਹੋ ਸਕੇ (ਕਰਤੱਬ 9:27)। ਇਸ ਤੋਂ ਇਲਾਵਾ ਅੰਤਾਕੀਆ ਵਿਚ ਇੰਜੀਲ ਪਹੁੰਚਾਉਣ ਵਿਚ ਉਸ ਨੇ ਅਹਿਮ ਭੂਮਿਕਾ ਨਿਭਾਈ ਅਤੇ ਪੌਲੁਸ ਨੂੰ ਕੰਮ ਵਿਚ ਨਾਲ ਆਉਣ ਲਈ ਕਹਿਣ ਤਰਸੁਸ ਵਿਚ ਉਹੀ

ਗਿਆ ਸੀ (ਕਰਤੱਬ 11:22–26)। ਪੌਲੁਸ ਨੂੰ ਇਹ ਅਜੀਬ ਲੱਗਾ ਹੋਵੇਗਾ ਕਿ ਹੁਣ ਬਰਨਬਾਸ ਗੈਰਕੌਮਾਂ ਨਾਲੋਂ ਅੱਡ ਹੋ ਰਿਹਾ ਸੀ। ਜਿਨ੍ਹਾਂ ਵਿੱਚੋਂ ਕਈਆਂ ਨੂੰ ਮਸੀਹ ਵੱਲ ਉਹੀ ਲਿਆਇਆ ਸੀ। ਬਰਨਬਾਸ ਨੇ ਇਨ੍ਹਾਂ ਮਸੀਹੀਆਂ ਤੋਂ ਕਦੇ ਪਿੱਛੇ ਨਹੀਂ ਹਟਣਾ ਸੀ, ਜੇ ਉਹਦੇ ਯਹੂਦੀ ਭਾਈਆਂ ਨੇ ਉਹ ਨੂੰ ਗਲਤ ਨਮੂਨਾ ਨਾ ਦਿੱਤਾ ਹੁੰਦਾ।

**ਆਇਤ 14.** ਪੌਲੁਸ ਨੇ ਕਿਹਾ ਕਿ ਇਹ ਲੋਕ **ਇੰਜੀਲ ਦੀ ਸਚਿਆਈ ਦੇ ਅਨੁਸਾਰ ਸਿੱਧੀ ਚਾਲ ਨਹੀਂ ਚੱਲਦੇ।** ਯੂਨਾਨੀ ਸ਼ਬਦ (*orthopodeō,* ਓਰਥੋਪੋਡਿਓ) ਜਿਸ ਤੋਂ ਅੰਗ੍ਰੇਜ਼ੀ ਸ਼ਬਦ ‘‘ਆਰਥੋਪੈਡਿਕ’’ ਨਿੱਕਲਿਆ ਹੈ ਦਾ ਅਰਥ ਮੂਲ ਵਿਚ ‘‘ਸਿੱਧੇ ਚੱਲਣਾ’’ ਹੁੰਦਾ ਹੈ। ਇਸ ਵਿਚ ਸਹੀ ਰਾਹ ਤੇ ਚੱਲਣ ਜਾਂ ਸਹੀ ਟੀਚੇ ਵੱਲ ਵੱਧਣ ਦਾ ਵਿਚਾਰ ਹੈ। ‘‘ਖੁਸ਼ਖ਼ਬਰੀ ਦੀ ਸਚਿਆਈ’’ (2:5) ਕਿ ਯਹੂਦੀ ਅਤੇ ਮਸੀਹੀ ਲੋਕ ਮਸੀਹ ਵਿਚ ਇਕ ਹਨ (3:28) ਨੂੰ ਆਪਣੇ ਕੰਮਾਂ ਰਾਹੀਂ ਪਤਰਸ ਅਤੇ ਹੋਰ ਯਹੂਦੀ ਮਸੀਹੀਆਂ ਨੇ ਗਲਤ ਢੰਗ ਨਾਲ ਪੇਸ਼ ਕੀਤਾ ਸੀ। ਜਿਵੇਂ ਕਿ ਲਿਓਨ ਮੌਰਿਸ ਨੇ ਧਿਆਨ ਦੁਆਇਆ ਹੈ, ਉਨ੍ਹਾਂ ਦੀ ਮੇਜ਼ ਦੀ ਸੰਗਤੀ ਤੋਂ ਪਿਛਾਹਾਂ ਹਟਣ ਨਾਲ ਗੈਰਕੌਮ ਵਿਸ਼ਵਾਸੀਆਂ ਨੂੰ ਦੂਜੇ ਦਰਜੇ ਦੇ ਮਸੀਹੀ ਬਣਾ ਦਿੱਤਾ ਜਿਹੜੇ ਹੁਣ ਤਕ ਇਹੀ ਸੋਚ ਰਹੇ ਸਨ ਕਿ ਉਹ ਵੀ ਕਲੀਸੀਆ ਵਿਚ ਕਿਸੇ ਹੋਰ ਯਹੂਦੀ ਵਿਸ਼ਵਾਸੀ ਵਰਗੇ ਹੀ ਹਨ।[29]

ਪੌਲੁਸ ਨੇ **ਸਭਨਾਂ ਦੇ ਅੱਗੇ** ਇਸ ਮੁੱਦੇ ਤੇ ਪਤਰਸ ਨਾਲ ਬੇਧੜਕ ਗੱਲ ਕੀਤੀ। ਕੁਝ ਮਾਮਲੇ ਅਜਿਹੇ ਹੁੰਦੇ ਹਨ ਜਿਨ੍ਹਾਂ ਉੱਤੇ ਏਕਾਂਤ ਵਿਚ ਚਰਚਾ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ। ਪਰ ਇਹ ਇਕ ਅਜਿਹਾ ਇਕ ਮੁੱਦਾ ਸੀ ਜਿਸ ਤੇ ਸਭ ਤੇ ਸਾਹਮਣੇ ਗੱਲ ਕੀਤੀ ਜਾਣੀ ਜ਼ਰੂਰੀ ਸੀ। ਜਿਵੇਂ ਕਿ 2:1–10 ਵਿਚ ਬਾਰ ਬਾਰ ਕਿਹਾ ਗਿਆ ਹੈ, ਪੌਲੁਸ ਆਪਣੇ ਆਪ ਨੂੰ ਕਲੀਸੀਆ ਦੇ ਕਿਸੇ ਹੋਰ ਆਗੂ ਨਾਲੋਂ ਘੱਟ ਨਹੀਂ ਮੰਨਣਾ ਸੀ। ਪਤਰਸ ਭਾਵੇਂ ਮਸੀਹ ਦਾ ਰਸੂਲ ਸੀ ਪਰ ਇਹ ਗੱਲ ਨਹੀਂ ਸੀ ਕਿ ਉਹ ਗਲਤੀ ਨਹੀਂ ਸੀ ਕਰ ਸਕਦਾ।

ਪੌਲੁਸ ਨੇ ਪਤਰਸ ਤੋਂ ਪੁੱਛਿਆ, **ਭਈ ਜਦੋਂ ਤੂੰ ਯਹੂਦੀ ਹੋ ਕੇ ਪਰਾਈਆਂ ਕੌਮਾਂ ਦੀ ਰੀਤ ਉੱਤੇ ਚੱਲਦਾ ਹੈਂ ਅਤੇ ਯਹੂਦੀਆਂ ਦੀ ਰੀਤ ਉੱਤੇ ਨਹੀਂ ਤਾਂ ਤੂੰ ਕਿਵੇਂ ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ ਬਦੋਬਦੀ ਚਲਾਉਂਦਾ ਹੈਂ?** ਪਤਰਸ ਨੇ ਅਸਲ ਵਿਚ ਜਾਣ ਬੁੱਝ ਕੇ ‘‘ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ ਬਦੋ ਬਦੀ ਚਲਾਉਣ’’ ਦੀ ਗੱਲ ਨਹੀਂ ਕਹੀ ਬਲਕਿ ਉਸ ਦੇ ਕੰਮਾਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਪ੍ਰਭਾਵਿਤ ਕੀਤਾ ਸੀ। ਮੇਜ਼ ਦੀ ਸੰਗਤੀ ਤੋਂ ਪਿਛਾਹਾਂ ਹਟ ਕੇ ਉਹ ਇਹ ਸੰਕੇਤ ਦੇ ਰਿਹਾ ਲਗਦਾ ਸੀ ਕਿ ਗੈਰਕੌਮਾਂ ਨੂੰ ਚਾਹੀਦਾ ਹੈ ਕਿ ਉਹ ਸੁੰਨਤ ਕਰਾਉਣ ਅਤੇ ਸ਼ਰ੍ਹਾ ਨੂੰ ਮੰਨਣ ਤਾਂ ਜੋ ਉਨ੍ਹਾਂ ਨਾਲ ਖਾ ਸਕੇ। ਪਤਰਸ ਨੇ ਅਜਿਹਾ ਵਿਖਾਇਆ ਹੋ ਸਕਦਾ ਹੈ ਕਿ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ ਕਿ ਗੈਰਕੌਮ ਲੋਕ ਯਹੂਦੀ ਰੀਤਾਂ ਨੂੰ ਮੰਨਣ। ਫਿਰ ਵੀ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦਾ ਇਰਾਦਾ ਤਾਂ ਇਹੀ ਹੋਵੇਗਾ ਅਤੇ ਅੰਤਾਕੀਆ ਵਿਚ ਉਹ ਇਸੇ ਹੀ ਕਰਕੇ ਆਏ ਸਨ। ਪਤਰਸ ਦਾ ਗੈਰਕੌਮਾਂ ਤੋਂ ਪਿੱਛੇ ਹਟਣਾ ਉਨ੍ਹਾਂ ਦੀ ਯੋਜਨਾ ਦਾ ਹਿੱਸਾ ਸੀ ਅਤੇ ਪੌਲੁਸ ਪਤਰਸ ਨੂੰ ਇਸ ਤੋਂ ਖ਼ਬਰਦਾਰ ਕਰਨਾ ਚਾਹੁੰਦਾ ਸੀ।[30]

2:14 ਦੇ ਪੌਲੁਸ ਦੇ ਸਵਾਲ ਵਿਚ ਦੋ ਮੁੱਖ ਯੂਨਾਨੀ ਸ਼ਬਦ ਮਿਲਦੇ ਹਨ। ਪਹਿਲਾ ਸ਼ਬਦ (*anankazō,* ਅਨੈਂਕੈਜੋ) ਹੈ, ਜਿਸ ਦਾ ਅਨੁਵਾਦ ‘‘ਬਦੋ ਬਦੀ ਚਲਾਉਂਦਾ’’ ਹੋਇਆ ਹੈ, ਜਿਸ ਨੂੰ 2:3 ਤੋਂ ਦੁਹਰਾਇਆ ਗਿਆ ਹੈ। ਉਸ ਆਇਤ ਵਿਚ ਪੌਲੁਸ ਨੇ ਜ਼ੋਰ ਦਿੱਤਾ ਕਿ ਯਰੂਸ਼ਲਮ ਤੋਂ ਆਗੂਆਂ ਦੇ ਆਉਣ ਤੇ ਜਿਨ੍ਹਾਂ ਵਿਚ ਪਤਰਸ ਵੀ ਸੀ ਤੀਤੁਸ ਨੂੰ ਜੋ ਕਿ ਇਕ ਗੈਰਕੌਮ ਮਸੀਹੀ ਸੀ ਜਦ ਯਰੂਸ਼ਲਮ ਤੋਂ ਆਗੂ ਦੇ ਆਉਣ ਤੇ ‘‘ਧੱਕੋ ਧੱਕੀ ਸੁੰਨਤੀ’’ ਨਹੀਂ ਬਣਾਇਆ ਗਿਆ! ਇੱਥੇ ਪਤਰਸ ਦੇ ਪਿੱਛੇ ਹਟਣ ਦਾ ਅਸਰ ਇਹ ਹੋਇਆ ਕਿ ਉਹ ‘‘ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ ਬਦੋ ਬਦੀ’’ ਚਲਾ ਰਿਹਾ ਸੀ ਕਿ ਉਹ ਸੁੰਨਤ ਕਰਾਉਣ। ‘‘ਬਦੋ ਬਦੀ ਚਲਾਉਂਦਾ’’ ਸ਼ਬਦ ਦਾ

ਦੂਹਰਾਅ ਕਪਟ ਨੂੰ ਪ੍ਰਕਾਸ਼ਮਾਨ ਕਰਦਾ ਹੈ। ਦੂਜਾ ਸ਼ਬਦ (*Ioudaizō,* ਲਾਉਡਾਇਜ਼ੋ) ਹੈ ਜਿਸ ਦਾ ਅਨੁਵਾਦ ''ਯਹੂਦੀਆਂ ਦੀ ਰੀਤ ਉੱਤੇ'' ਹੋਇਆ ਹੈ। ਅਗ੍ਰੇਜ਼ੀ ਸ਼ਬਦ ''judaize'' (ਜੁਡਾਈਜ਼) ਦਾ ਅਧਾਰ ਇਹੀ ਯੂਨਾਨੀ ਸ਼ਬਦ ਹੈ।[31] ਯਹੂਦੀ ਮਤ ਦੀ ਸਿੱਖਿਆ ਦੇਣ ਦੀ ਬਜਾਇ ਯਹੂਦੀ ਮਸੀਹੀਆਂ ਨੂੰ ਇਹ ਸਮਝਣਾ ਜ਼ਰੂਰੀ ਸੀ ਕਿ ਸ਼ਰ੍ਹਾ ਨੂੰ ਮੰਨਣਾ ਮਸੀਹੀ ਲੋਕਾਂ ਲਈ ਜ਼ਰੂਰੀ ਨਹੀਂ ਹੈ ਅਤੇ ਮਸੀਹ ਵਿਚ ਗੈਰਕੌਮ ਵਿਸ਼ਵਾਸੀਆਂ ਨਾਲ ਉਨ੍ਹਾਂ ਦੀ ਏਕਤਾ ਬਹੁਤੀ ਜ਼ਰੂਰੀ ਹੈ।

## ਮਸੀਹ ਵਿਚ ਨਿਹਚਾ ਦੇ ਰਾਹੀਂ ਧਰਮੀ ਠਹਿਰਾਏ ਜਾਣਾ (2: 15-21)

**15ਅਸੀਂ ਜਨਮ ਕਰਕੇ ਯਹੂਦੀ ਹਾਂ ਅਤੇ ਪਰਾਈਆਂ ਕੌਮਾਂ ਵਿੱਚੋਂ ਪਾਪੀ ਨਹੀਂ। 16ਤਾਂ ਵੀ ਇਹ ਜਾਣ**
**ਕੇ ਭਈ ਮਨੁੱਖ ਸ਼ਰਾ ਦੇ ਕੰਮਾਂ ਤੋਂ ਨਹੀਂ ਸਗੋਂ ਨਿਰਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਧਰਮੀ**
**ਠਹਿਰਾਇਆ ਜਾਂਦਾ ਹੈ ਅਸਾਂ ਵੀ ਮਸੀਹ ਯਿਸੂ ਉੱਤੇ ਨਿਹਚਾ ਕੀਤੀ ਭਈ ਮਸੀਹ ਦੀ ਨਿਹਚਾ ਤੋਂ,**
**ਨਾ ਸ਼ਰਾ ਦੇ ਕੰਮਾਂ ਤੋਂ ਧਰਮੀ ਠਹਿਰਾਏ ਜਾਈਏ ਕਿਉਂਕਿ ਕੋਈ ਬਸ਼ਰ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ**
**ਠਹਿਰਾਇਆ ਜਾਵੇਗਾ। 17ਪਰ ਜੇ ਅਸੀਂ ਮਸੀਹ ਵਿਚ ਧਰਮੀ ਠਹਿਰਾਏ ਜਾਣ ਦੀ ਭਾਲ ਕਰਦਿਆਂ**
**ਆਪ ਵੀ ਪਾਪੀ ਨਿੱਕਲੇ ਤਾਂ ਭਲਾ, ਮਸੀਹ ਪਾਪ ਦਾ ਸੇਵਾਦਾਰ ਹੋਇਆ? ਕਦੇ ਨਹੀਂ! 18ਕਿਉਂਕਿ**
**ਜੋ ਮੈਂ ਢਾਹ ਦਿੱਤਾ ਜੇ ਓਸੇ ਨੂੰ ਫੇਰ ਬਣਾਵਾਂ ਤਾਂ ਮੈਂ ਆਪਣੇ ਆਪ ਨੂੰ ਅਪਰਾਧੀ ਸਾਬਤ ਕਰਦਾ ਹਾਂ।**
**19ਇਸ ਲਈ ਜੋ ਮੈਂ ਸ਼ਰਾ ਹੀ ਦੇ ਕਾਰਨ ਸ਼ਰਾ ਦੀ ਵੱਲੋਂ ਮੋਇਆ ਭਈ ਪਰਮੇਸ਼ੁਰ ਲਈ ਜੀਉਂਦਾ**
**ਰਹਾਂ। 20ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ**
**ਮਸੀਹ ਮੇਰੇ ਵਿਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ**
**ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ**
**ਲਈ ਦੇ ਦਿੱਤਾ। 21ਮੈਂ ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਨਹੀਂ ਕਰਦਾ ਕਿਉਂਕਿ ਜੇ ਸ਼ਰਾ ਦੇ ਰਾਹੀਂ**
**ਧਰਮ ਪਰਾਪਤ ਹੁੰਦਾ ਤਾਂ ਮਸੀਹ ਐਵੇਂ ਹੀ ਮੋਇਆ।**

NASB ਵਿਚ ਬਾਕੀ ਅਧਿਆਇ ਪੌਲੁਸ ਨੂੰ ਪਤਰਸ ਨਾਲ ਗੱਲਬਾਤ ਕਰਦਿਆਂ ਵਿਖਾਇਆ ਗਿਆ ਹੈ (2: 15−21); ਜਿਸ ਵਿਚ ਪੂਰੇ ਵਚਨ ਨੂੰ ਕੌਮਿਆਂ ਦੇ ਅੰਦਰ ਰੱਖਿਆ ਗਿਆ ਹੈ (ਵੇਖੋ NIV; NKJV)। ਕਈ ਸੰਸਕਰਣਾਂ ਨੇ 2: 14 ਦੇ ਅੰਤ ਵਿਚ (GNT; NJB; NRSV; REB; NCV; ESV) ਜਾਂ 2: 16 ਦੇ (NLT) ਅੰਤ ਵਿਚ ਕੌਮੇ ਬੰਦ ਕਰ ਦਿੱਤੇ ਗਏ ਹਨ। ਇਹ ਭਾਵੇਂ ਪੌਲੁਸ ਦੀ ਪਤਰਸ ਨਾਲ ਗੱਲਬਾਤ ਨਾਲ ਸਬੰਧਿਤ ਹੈ ਪਰ ਇਹ ਅੰਤਾਕੀਆ ਵਿਚ ਰਹਿਣ ਵਾਲੇ ਯਹੂਦੀ ਮਸੀਹੀਆਂ ਅਤੇ ਪੌਲੁਸ ਦੇ ਗਲਾਤੀਆ ਦੇ ਸਰੋਤਿਆਂ ਲਈ ਵੀ ਢੁਕਵਾਂ ਸੀ।

**ਆਇਤ 15.** ਪੌਲੁਸ ਅੱਗੇ ਆਖਦਾ ਹੈ, **ਅਸੀਂ ਜਨਮ ਕਰਕੇ ਯਹੂਦੀ ਹਾਂ ਅਤੇ ਪਰਾਈਆਂ ਕੌਮਾਂ ਵਿੱਚੋਂ ਪਾਪੀ ਨਹੀਂ।** ਨਿੱਜੀ ਪੜਨਾਉਂ ''ਅਸੀਂ'' (*hēmeis,* ਹੇਮੇਲ) ਯੂਨਾਨੀ ਵਿਚ ਮਜ਼ਬੂਤ ਤਰੀਕੇ ਨਾਲ ਵਿਖਾਇਆ ਗਿਆ ਹੈ ਜਿਸ ਵਿਚ ਪੌਲੁਸ ਇਨ੍ਹਾਂ ਸਾਥੀ ''ਯਹੂਦੀਆਂ'' ਨਾਲ ਜੋੜ ਰਿਹਾ ਸੀ ਜਿਹੜੇ ਉਸੇ ਵਾਂਗ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਖ਼ਾਨਦਾਨ ਵਿੱਚੋਂ ਸਨ। ''ਜਨਮ ਕਰਕੇ'' (*phusis,* ਫੋਸਿਸ) ਸ਼ਬਦ ''ਕੁਦਰਤੀ ਤੌਰ ਤੇ'' ਜਾਂ ''ਕੁਦਰਤੀ ਹਾਲਤ ਵਿਚ'' (ਹੋ ਸਕਦਾ ਹੈ)। NRSV ਵਿਚ ਕਿਹਾ ਗਿਆ ਹੈ, ''ਅਸੀਂ ਪੈਦਾਇਸ਼ੀ ਯਹੂਦੀ ਹਾਂ।'' ਇਨ੍ਹਾਂ ਨੂੰ ਖ਼ੁਦਾ ਦੇ ਨੇਮ ਦੇ ਲੋਕਾਂ ਵਿਚ ਪੈਦਾ ਹੋਣ ਦਾ ਵੱਡਾ ਫ਼ਾਇਦਾ ਸੀ (ਵੇਖੋ ਰੋਮੀਆਂ 3: 1, 2)।

ਯਹੂਦੀਆਂ ਦੇ ''ਯਹੂਦੀ ਹੋਣ ਕਰਕੇ'' ਉਹ ''ਪਰਾਈਆਂ ਕੌਮਾਂ'' ਤੋਂ ਜਿਨ੍ਹਾਂ ਨੂੰ ''ਪਾਪੀ'' (*hamartōlos,* ਹੇਮਾਰਟੋਲੋਮ) ਨਾਮ ਦਿੱਤਾ ਜਾਂਦਾ ਹੈ, ਅੱਡ ਹਨ। ਗੈਰਕੌਮਾਂ ਨੂੰ ਮਰਿਆਦਾ ਰਹਿਤ

ਮੰਨਿਆ ਜਾਂਦਾ ਸੀ ਕਿਉਂ ਜੋ ਉਨ੍ਹਾਂ ਕੋਲ ਸ਼ਰ੍ਹਾ ਨਹੀਂ ਸੀ। ਅਸਲ ਵਿਚ ਬਹੁਤ ਸਾਰੇ ਗੈਰਕੌਮ ਲੋਕ ਮੂਰਤੀਪੂਜਕ, ਕਾਮੀ ਸੁਭਾਅ ਦੇ ਅਤੇ ਹੋਰ ਖ਼ਤਰਨਾਕ ਪਾਪਾਂ ਕਰਕੇ ਖ਼ੁਦਾ ਤੋਂ ਦੂਰ ਭਟਕੇ ਹੋਏ ਸਨ (ਰੋਮੀਆਂ 1:18–32)। ''ਪਾਪੀ'' ਸ਼ਬਦ ਵੀ ਯਹੂਦੀ ਕੌਮ ਵਿਚ ਉਨ੍ਹਾਂ ਲਈ ਵਰਤਿਆ ਜਾਂਦਾ ਸੀ ਜਿਹੜੇ ਸ਼ਰ੍ਹਾ ਦੀਆਂ ਗੱਲਾਂ ਨਾਲ ਮੇਲ ਨਹੀਂ ਖਾਂਦੇ ਸਨ; ਇਹ ਮਸ਼ਹੂਰ ਵਾਕਅੰਸ਼ ''ਮਸੂਲੀਏ ਅਤੇ ਪਾਪੀ'' ਵਿਚ ਮਿਲਦਾ ਹੈ (ਮੱਤੀ 9:10, 11; 11:19; ਮਰਕੁਸ 2:15, 16; ਲੂਕਾ 5:30; 7:34; 15:1)।

**ਆਇਤ 16.** ਪੌਲੁਸ, ਪਤਰਸ ਅਤੇ ਹੋਰਨਾਂ ਯਹੂਦੀ ਮਸੀਹੀਆਂ ਨੂੰ ਭਾਵੇਂ ਗੈਰਕੌਮਾਂ ਉੱਤੇ ਚੜ੍ਹਤ ਸੀ, ਪਰ ਅਜੇ ਵੀ ਉਨ੍ਹਾਂ ਨੂੰ ਮੁਕਤੀ ਦੀ ਲੋੜ ਸੀ। ਪੌਲੁਸ ਨੇ ਗਲਾਤੀਆ ਦੇ ਆਪਣੇ ਪਾਠਕਾਂ ਦੇ ਨਾਲ ਨਾਲ, ਇਨ੍ਹਾਂ ਨੂੰ ਯਾਦ ਦੁਆਇਆ **ਭਈ ਮਨੁੱਖ ਸ਼ਰਾ ਦੇ ਕੰਮਾਂ ਤੋਂ ਨਹੀਂ ਸਗੋਂ ਨਿਰਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਧਰਮੀ ਠਹਿਰਾਇਆ ਜਾਂਦਾ ਹੈ।** ਯਹੂਦੀ ਲੋਕ ਮੁਕੰਮਲ ਤੌਰ ਤੇ ਸ਼ਰ੍ਹਾ ਨੂੰ ਪੂਰਾ ਨਹੀਂ ਕਰ ਸਕੇ ਸਨ, ਇਸ ਕਰਕੇ ਉਹ ਖ਼ੁਦਾ ਦੇ ਨਾਲ ਆਪਣੇ ਆਪ ਨੂੰ ਦਰੁੱਸਤ ਨਹੀਂ ਕਰ ਸਕਦੇ ਸਨ (ਰੋਮੀਆਂ 7:7–25)। ਪੌਲੁਸ ਨੇ ਬਾਰ ਬਾਰ ਇਸ ਵਿਚਾਰ ਨੂੰ ਨਕਾਰਿਆ ਕਿ ਕਿਸੇ ਦੀ ਮੁਕਤੀ ਸ਼ਰ੍ਹਾ ਦੇ ਕੰਮਾਂ ਦੇ ਰਾਹੀਂ ਹੋ ਸਕਦੀ ਹੈ। ਇਹ ਤੱਥ ਹੀ ਕਿ ਉਨ੍ਹਾਂ ਨੇ **ਮਸੀਹ ਯਿਸੂ ਉੱਤੇ ਨਿਹਚਾ ਕੀਤੀ** ਵਿਖਾਉਂਦਾ ਹੈ ਕਿ ਉਹ **ਮਸੀਹ ਦੀ ਨਿਹਚਾ ਤੋਂ, ਨਾ ਸ਼ਰਾ ਦੇ ਕੰਮਾਂ ਤੋਂ ਧਰਮੀ ਠਹਿਰਾਏ ਗਏ।**

''ਮਸੀਹ ਦੀ ਨਿਹਚਾ,'' ''ਸ਼ਰ੍ਹਾ ਦੇ ਕੰਮਾਂ'' ਅਤੇ ''ਧਰਮੀ ਠਹਿਰਾਏ'' ਵਰਗੇ ਸ਼ਬਦਾਂ ਨੂੰ ਦੁਹਰਾਅ ਕੇ, ਆਇਤ 16 ਗਲਾਤੀਆਂ ਦੀ ਕਿਤਾਬ ਵਿਚ ਮੁੱਖ ਧਰਮਸ਼ਾਸਤਰੀ ਵਾਕ ਨਾਲ ਕੰਮ ਕਰਦੀ ਹੈ। ਖ਼ੁਦਾ ਵਿਚ ਉਸ ਦੇ ਭਰੋਸੇ ਅਤੇ ਹੁਕਮ ਮੰਨਣ ਦਾ ਸੰਕੇਤ ਦਿੰਦਿਆਂ ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਆਖ਼ਰੀ ਵਾਕਅੰਸ਼ ਦਾ ਅਨੁਵਾਦ ''ਮਸੀਹ *ਦੀ* ਨਿਹਚਾ'' ਕਰਤਰੀ ਸਬੰਧਕਾਰਕ; (ਵੇਖੋ KJV) ਖ਼ੁਦਾ ਵਿਚ ਉਸ ਦੇ ਪੂਰਵ ਭਰੋਸੇ ਅਤੇ ਉਸ ਦੀ ਆਗਿਆਕਾਰਿਤਾ ਵੱਲ ਇਸ਼ਾਰਾ ਕਰਦਾ ਹੈ। ਮਨੁੱਖ ਦਾ ਧਰਮੀ ਠਹਿਰਾਇਆ ਜਾਣਾ ਯਕੀਨਨ ਮਸੀਹ ਦੀ ਵਫ਼ਾਦਾਰੀ ਉੱਤੇ ਨਿਰਭਰ ਹੈ (2 ਕੁਰਿੰਥੀਆਂ 5:21), ਪਰ NASB ਵਿਚ ਅਤੇ ਹੋਰ ਸੰਸਕਰਣਾਂ ਵਿਚ ''*ਮਸੀਹ* ਵਿਚ ਨਿਹਚਾ'' ਹੈ (ਕਰਮ ਕਾਰਕ)। ਮਸੀਹੀ ਆਦਮੀ ਦੀ ''ਨਿਹਚਾ'' ਸਿਰਫ਼ ਦਿਮਾਗ਼ੀ ਸਹਿਮਤੀ ਨਹੀਂ ਹੈ ਬਲਕਿ ਇਸ ਵਿਚ ਭਰੋਸਾ ਅਤੇ ਸਮਰਪਣ ਵੀ ਹੈ।

ਜ਼ਬੂਰਾਂ 143:2 ਦਾ ਸੰਕੇਤ ਦਿੰਦਿਆਂ ਪੌਲੁਸ ਨੇ ਆਪਣੀ ਗੱਲ ਤੇ ਹੋਰ ਜ਼ੋਰ ਦਿੱਤਾ: **ਕਿਉਂਕਿ ਕੋਈ ਬਸ਼ਰ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ ਠਹਿਰਾਇਆ ਜਾਵੇਗਾ।** ਇਹ ਸਬੰਧ ਰੋਮੀਆਂ 3:20 ਵਿਚ ਸਾਫ਼ ਨਜ਼ਰ ਆਉਂਦਾ ਹੈ: ''*ਉਹਦੇ ਅੱਗੇ* ਸ਼ਰ੍ਹਾ ਦੇ ਕਰਮਾਂ ਤੋਂ ਕੋਈ ਸ਼ਰੀਰ ਧਰਮੀ ਨਹੀਂ ਠਹਿਰੇਗਾ।'' NASB ਵਿਚ ਜ਼ਬੂਰ 143:2 ਦਾ ਅਨੁਵਾਦ ਇਸ ਤਰ੍ਹਾਂ ਕੀਤਾ ਗਿਆ ਹੈ: ''ਕਿਉਂ ਜੋ ਤੇਰੀ ਨਜ਼ਰ ਵਿਚ ਕੋਈ ਜੀਉਂਦਾ ਮਨੁੱਖ ਧਰਮੀ ਨਹੀਂ ਹੈ।''

ਪੌਲੁਸ ਇਸ ਹਕੀਕਤ ਨੂੰ ਸਾਬਿਤ ਕਰ ਰਿਹਾ ਸੀ ਕਿ ਯਹੂਦੀਆਂ ਅਤੇ ਗੈਰਕੌਮਾਂ ਦੋਹਾਂ ਨੂੰ ਧਰਮੀ ਠਹਿਰਾਏ ਜਾਣ ਦੀ ਲੋੜ ਹੈ ਜੋ ਕਿ ਸਿਰਫ਼ ਮਸੀਹ ਵਿਚ ਹੀ ਹੋ ਸਕਦਾ ਹੈ। ਇਸ ਕਰਕੇ ਯਹੂਦੀ ਮਸੀਹੀਆਂ ਲਈ ਆਪਣੇ ਆਪ ਨੂੰ ਆਪਣੇ ਗੈਰਕੌਮ ਪ੍ਰਤੀਰੂਪਾਂ ਤੇ ਸ਼ੇਖੀ ਮਾਰਨ ਜਾਂ ਆਪਣੇ ਆਪ ਨੂੰ ਅੱਡ ਕਰਨ ਦਾ ਕੋਈ ਕਾਰਣ ਨਹੀਂ ਸੀ।[32] ਰਸੂਲਾਂ ਦੇ ਕਰਤੱਬ 15:9 ਆਖਦਾ ਹੈ ਕਿ ਪਤਰਸ ਨੇ ਇਹੀ ਤਰਕ ਯਰੂਸ਼ਲਮ ਵਿਚ ਦਿੱਤਾ ਸੀ ਜਦ ਉਸ ਨੇ ਆਖਿਆ ਸੀ ਕਿ ਖ਼ੁਦਾ ਨੇ ''ਨਿਹਚਾ ਨਾਲ ਉਨ੍ਹਾਂ ਦੇ ਮਨ ਸ਼ੁੱਧ ਕਰਕੇ ਸਾਡੇ ਅਤੇ ਉਨ੍ਹਾਂ ਦੇ ਵਿਚ ਕੁਝ ਭਿੰਨ ਭੇਤ ਨਾ ਰੱਖਿਆ।'' ਉਸ ਨੇ ਇਹ ਵੀ ਆਖਿਆ, ''ਪਰ ਸਾਨੂੰ ਪਰਤੀਤ ਹੈ ਕਿ ਅਸੀਂ ਪ੍ਰਭੂ ਯਿਸੂ ਦੀ ਕਿਰਪਾ ਨਾਲ ਬਚਾਏ ਜਾਵਾਂਗੇ ਜਿਸ ਤਰ੍ਹਾਂ ਕਿ ਉਹ ਭੀ'' (ਕਰਤੱਬ 15:11)।

**ਆਇਤ 17.** ਰੋਮੀਆਂ ਦੇ ਨਾਂਅ ਆਪਣੇ ਖ਼ਤ ਵਾਂਗ ਪੌਲੁਸ ਨੇ ਇੱਥੇ ਇਹ ਕਲਪਨਾ ਕੀਤੀ ਕਿ

ਉਹਦੀ ਸਿੱਖਿਆ ਉੱਤੇ ਇਤਰਾਜ਼ ਕਰਨ ਵਾਲਾ ਕੀ ਜਵਾਬ ਦੇ ਸਕਦਾ ਹੈ। ਉਸ ਨੇ ਪੁੱਛਿਆ, **''ਜੇ ਅਸੀਂ ਮਸੀਹ ਵਿਚ ਧਰਮੀ ਠਹਿਰਾਏ ਜਾਣ ਦੀ ਭਾਲ ਕਰਦਿਆਂ ਆਪ ਵੀ ਪਾਪੀ ਨਿੱਕਲੇ ਤਾਂ ਭਲਾ, ਮਸੀਹ ਪਾਪ ਦਾ ਸੇਵਾਦਾਰ ਹੋਇਆ?''** ਯੂਨਾਨੀ ਸ਼ਬਦ (*diakonos,* ਡਾਇਆਕੋਨੋਸ), ਜਿਸ ਦਾ ਅਨੁਵਾਦ ''ਸੇਵਕ'' ਹੋਇਆ ਹੈ, ਕਈ ਵਾਰ ਇਸ ਦਾ ਅਨੁਵਾਦ ''ਮਿਨਿਸਟਰ'' ਜਾਂ ''ਡੀਕਨ'' ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਸੰਦਰਭ ਵਿਚ ਇਸ ਦਾ ਅਰਥ ''ਸਹਾਇਕ'' ਜਾਂ ''ਮਦਦਗਾਰ'' ਲਈ ਹੈ। REB ਵਿਚ ਸਵਾਲ ਦਾ ਆਖ਼ਰੀ ਹਿੱਸਾ ਇਸ ਤਰ੍ਹਾਂ ਹੈ, ''ਭਲਾ ਇਹਦਾ ਮਤਲਬ ਇਹ ਹੈ ਕਿ ਮਸੀਹ ਪਾਪ ਨੂੰ ਵਧਾਵਾ ਦੇਣ ਵਾਲਾ ਹੈ?'' GNT ਵਿਚ ਹੈ, ''ਭਲਾ ਇਹਦਾ ਮਤਲਬ ਇਹ ਹੈ ਕਿ ਮਸੀਹ ਪਾਪ ਦੀ ਸੇਵਾ ਕਰਦਾ ਹੈ?'' ਪੌਲੁਸ ਨੇ ਇਸ ਸੁਝਾਅ ਨੂੰ ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ ਜਦ ਉਸ ਨੇ ਪੁਕਾਰ ਕੇ ਆਖਿਆ, **''ਕਦੇ ਨਹੀਂ!''**

ਆਇਤ 17 ਤੋਂ ਦੋ ਜਰੂਰੀ ਵਿਚਾਰ ਮਿਲ ਸਕਦੇ ਹਨ। ਪਹਿਲਾ, ਮਸੀਹ ਦੇ ਰਾਹੀਂ ਬਚਾਏ ਜਾਣ ਲਈ, ਯਹੂਦੀਆਂ ਲਈ ਇਸ ਹਕੀਕਤ ਦਾ ਸਾਹਮਣਾ ਕਰਨਾ ਜ਼ਰੂਰੀ ਸੀ ਕਿ ਉਹ ਆਪ ''ਪਾਪੀ'' ਸਨ। ਇੱਥੇ ਉਹੀ ਯੂਨਾਨੀ ਸ਼ਬਦ *hamartōlos* (ਹਮਰਟੋਲੋਸ) ਵਰਤਿਆ ਗਿਆ ਹੈ ਜਿਹੜਾ 2:15 ਵਿਚ ਪਰਾਈਆਂ ਕੌਮਾਂ ਲਈ ਵੀ ਮਿਲਦਾ ਹੈ। ਦੋਵੇਂ ਜਮਾਤਾਂ ਪਾਪੀ ਸਨ ਅਤੇ ਦੋਹਾਂ ਨੂੰ ਮੁਕਤੀ ਦੀ ਲੋੜ ਸੀ (ਵੇਖੋ ਰੋਮੀਆਂ 1–3)।

ਦੂਜਾ, ਜਦੋਂ ਪੌਲੁਸ ਨੇ ਆਗਿਆਕਾਰੀ ਵਿਸ਼ਵਾਸ ਦੇ ਰਾਹੀਂ ਕਿਰਪਾ ਨਾਲ ਬਚਾਏ ਜਾਣ ਦਾ ਪ੍ਰਚਾਰ ਕੀਤਾ (ਬਿਨਾਂ ਸ਼ਰ੍ਹਾ ਦੇ) ਤਾਂ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਇਹ ਲੱਗਾ ਕਿ ਇਸ ਨਾਲ ਤਾਂ ਚੰਗੇ ਯਹੂਦੀ ਪਾਪ ਵਿਚ ਪੈ ਜਾਣਗੇਅਤੇ ਗੈਰਕੌਮਾਂ ਨੂੰ ਪਾਪ ਕਰਨ ਤੋਂ ਰੋਕ ਨਹੀਂ ਸਕਣਗੇ। ਅਜਿਹਾ ਹੀ ਇਕ ਤਰਕ ਰੋਮੀਆਂ 6:1, 2 ਵਿਚ ਵਰਤਿਆ ਗਿਆ ਹੈ, ਜੋ ਕਿ ਇਸ ਗਲਤ ਧਾਰਨਾ ਦਾ ਜਵਾਬ ਹੈ ਕਿ ਕਿਰਪਾ ਦੀ ਖੁਸ਼ਖ਼ਬਰੀ ਪਾਪ ਕਰਨ ਦਾ ਲਾਇਸੇਂਸ ਹੈ: ''ਹੁਣ ਅਸੀਂ ਕੀ ਆਖੀਏ? ਕੀ ਪਾਪ ਕਰਨ ਵਿਚ ਲੱਗੇ ਰਹੀਏ ਭਈ ਕਿਰਪਾ ਬਾਹਲੀ ਹੋਵੇ? ਕਦੇ ਨਹੀਂ!'' ਬਾਅਦ ਵਿਚ ਪੌਲੁਸ ਨੇ ਗਲਾਤੀਆਂ 5:13–26 ਵਿਚ ਆਪਣੇ ਪਾਠਕਾਂ ਵਿਚਕਾਰ ਲਿਬਰਤੀਨੀਆਂ ਭਾਵ ਅਜ਼ਾਦੀ ਦੀ ਗੱਲ ਕਰਨ ਵਾਲਿਆਂ ਨਾਲ ਸਿੱਧੇ ਨਜਿੱਠਿਆ। ਉਸ ਨੇ ਉਨ੍ਹਾਂ ਨੂੰ ਸਮਝਾਇਆ ਕਿ ''ਨਸਲੀ ਵਿਗਾੜ ਬਹੁਤ ਨਿਯਮਾਂ ਨੂੰ ਲਾਗੂ ਕਰਨ ਨਾਲ ਨਹੀਂ ਬਲਕਿ [ਲੋਕਾਂ ਦੀਆਂ] ਜ਼ਿੰਦਗੀਆਂ ਵਿਚ ਆਤਮਾ ਦੀ ਹਿਦਾਇਤ ਨੂੰ ਮੰਨੇ ਜਾਣ ਨਾਲ ਸੁਧਾਰਿਆ ਜਾਂਦਾ ਹੈ।''[33]

**ਆਇਤ 18.** ਇਕ ਸਮਾਂ ਸੀ ਜਦੋਂ ਪੌਲੁਸ ਸ਼ਰ੍ਹਾ ਦਾ ਹੁਕਮ ਮੰਨਣ ਦੇ ਰਾਹੀਂ ਆਪਣੀ ਹੀ ਧਾਰਮਿਕਤਾ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਸੀ। ਪਰ ਹੁਣ ਉਸ ਨੂੰ ਜ਼ਿੰਦਗੀ ਦੇ ਇਸ ਤਰੀਕੇ ਦੇ ਬੇਕਾਰ ਹੋਣ ਦੀ ਸਮਝ ਆ ਗਈ ਸੀ। ਮਸੀਹ ਦੀ ਖੁਸ਼ਖ਼ਬਰੀ ਦੀ ਸਮਰੱਥਾ ਨਾਲ ਪਾਪ ਤੋਂ ਛੁਡਾਏ ਜਾਣ ਦੇ ਬਾਅਦ ਹੁਣ ਉਸ ਦੀ ਪੁਰਾਣੇ ਸਿਸਟਮ ਵਿਚ ਜਾਣ ਦੀ ਕੋਈ ਇੱਛਾ ਨਹੀਂ ਸੀ। ਉਸ ਨੇ ਲਿਖਿਆ, **''ਕਿਉਂਕਿ ਜੋ ਮੈਂ ਢਾਹ ਦਿੱਤਾ ਜੇ ਓਸੇ ਨੂੰ ਫੇਰ ਬਣਾਵਾਂ ਤਾਂ ਮੈਂ ਆਪਣੇ ਆਪ ਨੂੰ ਅਪਰਾਧੀ ਸਾਬਤ ਕਰਦਾ ਹਾਂ।''** ਇੰਜੀਲ ਪਾਪੀਆਂ ਲਈ ਪ੍ਰੇਮ ਦਾ ਸਭ ਤੋਂ ਵੱਡਾ ਇਜ਼ਹਾਰ ਹੈ, ਇਸ ਕਰਕੇ ਮਸੀਹੀ ਹੋਣ ਤੋਂ ਪਹਿਲਾਂ ਦੇ ਤਰੀਕਿਆਂ ਨੂੰ ਫੇਰ ਤੋਂ ਲਾਗੂ ਕਰਨਾ ਬਿਲਕੁਲ ਬੇਵਕੂਫ਼ੀ ਹੈ। ''ਫੇਰ ਬਣਾਵਾਂ'' ਦਾ ਅਰਥ ਧਾਰਮਿਕਤਾ ਦੇ ਸਰੋਤ ਵਜੋਂ ਸ਼ਰ੍ਹਾ ਵੱਲ ਵਾਪਸ ਜਾਣਾ ਹੈ। ਸ਼ਰ੍ਹਾ ਉੱਤੇ ਨਿਰਭਰ ਰਹਿਣ ਨਾਲ ਸਿਰਫ਼ ਮਨੁੱਖ ਦੀ ਕਮਜ਼ੋਰੀ ਹੀ ਸਾਹਮਣੇ ਆਈ ਸੀ ਕਿਉਂ ਜੋ ਇਸ ਨੇ ਵਿਖਾ ਦਿੱਤਾ ਕਿ ਬੰਦਾ ''ਅਪਰਾਧੀ'' (*parabatēs,* ਪੈਰਾਬੇਟਸ) ਸੀ। ਇਸ ਸ਼ਬਦ ਦਾ ਜੋ ਕਿ ਸ਼ਾਇਦ ''ਪਾਪੀ,'' ਨਾਲੋਂ ਵਧੇਰੇ ਮਜ਼ਬੂਤ ਹੈ, ਅਰਥ ਉਸ ਵਿਅਕਤੀ ਲਈ ਹੈ ਜਿਸ ਨੇ ਸ਼ਰ੍ਹਾ ਦੀਆਂ ਹੱਦਾਂ ਨੂੰ ਪਾਰ ਕੀਤਾ ਜਾਂ ਉਨ੍ਹਾਂ ਦੀ ਉਲੰਘਣਾ ਕੀਤੀ ਹੈ। ਸ਼ਰ੍ਹਾ ਦੇ ਅਧਾਰ ਤੇ ਧਾਰਮਿਕਤਾ ਲਈ ਇੰਜੀਲ ਨੂੰ ਨਕਾਰਨ ਨਾਲ ਸਿਰਫ਼ ਨਾਕਾਮੀ ਹੀ ਮਿਲਦੀ ਹੈ ਕਿਉਂ ਜੋ ਇਹ ਆਦਮੀ ਨੂੰ ਖ਼ੁਦਾ ਦੀ ਸਜ਼ਾ ਦੇ

ਅਧੀਨ ਲੈ ਆਉਂਦੀ ਹੈ।

**ਆਇਤ 19.** ਰਸੂਲ ਨੇ ਅੱਗੇ ਆਖਿਆ, **''ਇਸ ਲਈ ਜੋ ਮੈਂ ਸ਼ਰਾ ਹੀ ਦੇ ਕਾਰਨ ਸ਼ਰਾ ਦੀ ਵੱਲੋਂ ਮੋਇਆ ਭਈ ਪਰਮੇਸ਼ੁਰ ਲਈ ਜੀਉਂਦਾ ਰਹਾਂ।''** ਸ਼ਰ੍ਹਾ ਨਾਲ ਪਾਪ ਅਤੇ ਮੌਤ ਮਿਲੀ (1 ਕੁਰਿੰਥੀਆਂ 15:56), ਇਸ ਕਰਕੇ ਪੌਲੁਸ ਮਸੀਹੀ ਮਨਬਦਲੀ ਨੂੰ ਸ਼ਰ੍ਹਾ ਦੀ ਵੱਲੋਂ (ਰੋਮੀਆਂ 7:4–6) ਅਤੇ ਪਾਪ ਦੀ ਵੱਲੋਂ ਮਰ ਜਾਣਾ ਦੱਸਦਾ ਹੈ (ਰੋਮੀਆਂ 6:2)। ਬੇਸ਼ੱਕ ਸ਼ਰ੍ਹਾ ਵੱਲੋਂ ਮਰਨ ਦਾ ਵਿਚਾਰ ਯਹੂਦੀ ਮਸੀਹੀਆਂ ਲਈ ਸੀ, ਜਿਹੜੇ ਕਿਸੇ ਸਮੇਂ ਸ਼ਰ੍ਹਾ ਦੇ ਅਧੀਨ ਰਹਿੰਦੇ ਸਨ। ਬਰੂਸ ਨੇ ਇਸ ਨੂੰ ਇਵੇਂ ਕਿਹਾ ਹੈ: ''ਜੇ ਉਨ੍ਹਾਂ ਲਈ ਸ਼ਰ੍ਹਾ ਵੱਲੋਂ ਮਰ ਜਾਣ ਦੇ ਬਾਅਦ ਆਪਣੇ ਆਪ ਨੂੰ ਸ਼ਰ੍ਹਾ ਦੇ ਅਧੀਨ ਕਰਨਾ ਬੇਮੇਲ ਸੀ, ਗਲਾਤੀਆਂ ਵਰਗੇ ਗੈਰਕੌਮ ਮਸੀਹੀਆਂ ਲਈ ਸ਼ਰ੍ਹਾ ਦੇ ਜੂਲੇ ਨੂੰ ਮੰਨ ਲੈਣਾ ਹੋਰ ਵੀ ਬੇਤੁਕਾ ਸੀ। ਜਿਹਦੇ ਲਈ ਉਨ੍ਹਾਂ ਦੇ ਵਡੇਰਿਆਂ ਦੀ ਕੋਈ ਵਚਨਬੱਧਤਾ ਨਹੀਂ ਸੀ।''[34]

**ਆਇਤ 20.** ਇਕ ਸਮਾਂ ਸੀ ਜਦੋਂ ਸ਼ਰ੍ਹਾ ਪੌਲੁਸ ਦੇ ਦਿਲ ਅਤੇ ਦਿਮਾਗ ਉੱਤੇ ਛਾਈ ਹੋਈ ਸੀ। ਜਦੋ ਉਹ ਯਰੂਸ਼ਲਮ ਵਿਚ ਰੱਬੀ ਬਣਨ ਵਾਲਾ ਇਕ ਹੋਣਹਾਰ ਵਿਦਿਆਰਥੀ ਸੀ; ਪਰ ਹੁਣ ਉਹਦੀ ਥਾਂ ਯਿਸੂ ਮਸੀਹ ਵਿਚ ਉਸ ਦੇ ਸਮਰਪਣ ਨੇ ਲੈ ਲਈ ਸੀ (ਫ਼ਿਲਿੱਪੀਆਂ 1:21; 3:7–11)। ਸ਼ਰ੍ਹਾ ਦੇ ਜੂਲੇ ਤੋਂ ਛੁਡਾਏ ਜਾ ਕੇ ਪੌਲੁਸ ਨੂੰ ਯਿਸੂ ਮਸੀਹ ਨਾਲ ਆਪਣੀ ਪਛਾਣ ਦੇ ਰਾਹੀਂ ਪਵਿੱਤਰ ਜੀਵਨ ਜੀਣ ਦੀ ਪ੍ਰੇਰਣਾ ਮਿਲੀ। ਉਸ ਨੇ ਲਿਖਿਆ **''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ।''**

ਪੌਲੁਸ ਦਮਿਸ਼ਕ ਵਿਚ ਮਸੀਹ ਵਿਚ ਆਪਣੀ ਮਨਬਦਲੀ ਦੀ ਕਹਾਣੀ ਵੱਲ ਇਸ਼ਾਰਾ ਕਰ ਰਿਹਾ ਸੀ। ਤਨਾਅ ਵਿਚ ਮਿਲੇ ਦਰਸ਼ਣ ਵਿਚ ਯਿਸੂ ਦੇ ਉਸ ਨੂੰ ਵਿਖਾਈ ਦੇਣ ਤੋਂ ਬਾਅਦ, ਪੌਲੁਸ ਨੂੰ ਨਗਰ ਵਿਚ ਲਿਜਾਇਆ ਗਿਆ ਜਿੱਥੇ ਉਹ ਤਿੰਨ ਦਿਨਾਂ ਤਕ ਅੰਨ੍ਹਾ ਰਿਹਾ। ਉਸ ਸਮੇਂ ਦੇ ਅੰਤ ਵਿਚ ਹਨੱਨਯਾਹ ਨੇ ਉਸ ਨੂੰ ਹਿਦਾਇਤ ਕੀਤੀ, ''ਉੱਠ ਅਤੇ ਉਹਦਾ ਨਾਂਅ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਕਰਤੱਬ 22:16)। ਉਸ ਨੂੰ ''ਮਸੀਹ ਯਿਸੂ ਵਿਚ ਬਪਤਿਸਮਾ'' ਅਤੇ ''ਉਸ ਦੀ ਮੌਤ ਦਾ ਬਪਤਿਸਮਾ'' ਦਿੱਤਾ ਗਿਆ, ਜਿਵੇਂ ਕਿ ਬਾਅਦ ਵਿਚ ਉਸ ਨੇ ਦੱਸਿਆ ਕਿ ਬਪਤਿਸਮਾ ਕੀ ਹੁੰਦਾ ਹੈ (ਰੋਮੀਆਂ 6:3; ਵੇਖੋ ਕੁਲੁੱਸੀਆਂ 2:12–14)। ਦੂਜੇ ਸ਼ਬਦਾਂ ਵਿਚ ਪੌਲੁਸ ਦੇ ਮਸੀਹ ਵਿਚ ਡੁਬਕੀ ਲੈਣ ਤੇ ਉਹ ਮਸੀਹ ਦੀ ਮੌਤ ਵਿਚ ਉਹਦੇ ਨਾਲ ਰਲ ਗਿਆ। ਯਿਸੂ ਮਨੁੱਖ ਨੂੰ ਮਾਫ਼ੀ ਦੁਆਉਣ ਲਈ ਮਰਿਆ ਸੀ (ਮੱਤੀ 26:28), ਅਤੇ ਪਾਣੀ ਰੂਪੀ ਬਪਤਿਸਮੇ ਦੀ ਕਬਰ ਵਿਚ ਪੌਲੁਸ ਨੇ ਆਪਣੇ ਪਾਪਾਂ ਤੋਂ ਮਰ ਕੇ ਮਸੀਹ ਦੀ ਮੌਤ ਤੋਂ ਮਿਲਣ ਵਾਲੇ ਫ਼ਾਇਦੇ ਹਾਸਲ ਕੀਤੇ ਸਨ। ਉੱਥੇ ਹੀ ਜ਼ਿੰਦਗੀ ਦਾ ਉਸ ਦਾ ਪੂਰੇ ਦਾ ਪੂਰਾ ਨਜ਼ਰੀਆ ਬਦਲ ਗਿਆ। ਆਪਣੇ ਫਰੀਸੀ ਹੋਣ ਦੇ ਮਾਣ ਨੂੰ ਪਿਛਾਹਾਂ ਛੱਡਦਿਆਂ ਓਸ ਨੇ ਜ਼ਿੰਦਗੀ ਦੇ ਹਲੀਮ ਤਰੀਕੇ ਨੂੰ ਅਪਣਾ ਲਿਆ ਜਿਹੜਾ ਯਿਸੂ ਨੂੰ ਸਲੀਬ ਤਕ ਲੈ ਗਿਆ ਅਤੇ ਹੁਣ ਉਸ ਦੇ ਇਰਾਦੇ ਅਤੇ ਟੀਚੇ ਬਿਲਕੁਲ ਬਦਲ ਗਏ ਸਨ। ਯਿਸੂ ਦੇ ਵਾਂਗ ਹੀ ਉਸ ਨੂੰ ਸਮਝ ਆ ਗਿਆ ਸੀ ਕਿ ''ਤੇਰੀ ਮਰਜ਼ੀ ਪੂਰੀ ਹੋਵੇ'' ਦਾ ਕੀ ਮਤਲਬ ਹੈ (ਵੇਖੋ ਮੱਤੀ 6:10; 26:42)। ਉਸ ਨੇ ਆਪਣੀ ਜ਼ਿੰਦਗੀ ਪੂਰੀ ਤਰ੍ਹਾਂ ਨਾਲ ਖ਼ੁਦਾ ਦੇ ਸਪੁਰਦ ਕਰ ਦਿੱਤੀ।[35]

ਪਾਪ ਵੱਲੋਂ ਮੌਤ ਦੀ ਪੌਲੁਸ ਦੀ ਸਿਰਫ਼ ਬੀਤ ਚੁਕੀ ਗੱਲ ਨਹੀਂ ਸੀ ਬਲਕਿ ਇਹ ਤਾਂ ਆਪਣੇ ਆਪੇ ਦਾ ਇਨਕਾਰ ਕਰਨ ਦਾ ਉਸ ਦਾ ਰੋਜ਼ ਦਾ ਵਿਹਾਰ ਸੀ।[36] ਹੁਣ ਪੌਲੁਸ ਦੀ ਸੋਚ ਅਤੇ ਪਸੰਦ ਉੱਤੇ ਯਿਸੂ ਮਸੀਹ ਦਾ ਕਬਜ਼ਾ ਸੀ। ਉਸ ਨੇ ਆਖਿਆ, **''ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ।''** ਯੂਨਾਨੀ ਲਿਖਤ ਵਿਚ ਸ਼ਬਦਾਂ ਦੀ ਤਰਤੀਬ ਵਿਅਕਤੀ ਉੱਤੇ ਜ਼ੋਰ ਦਿੰਦੀ ਹੈ: ''ਅਤੇ ਹੁਣ ਜੀਉਂਦਾ *ਮੈਂ* ਨਹੀਂ ਬਲਕਿ *ਮਸੀਹ* ਮੇਰੇ ਵਿਚ ਜੀਉਂਦਾ ਹੈ।'' ਮਸੀਹ ਪੌਲੁਸ ਵਿਚ ਜੀਉਂਦਾ ਸੀ, ਉਵੇਂ ਹੀ ਜਿਵੇਂ ਪਵਿੱਤਰ ਆਤਮਾ ਵਾਸ ਕਰਦਾ ਹੈ (ਰੋਮੀਆਂ 5:5; 8:9–11, 23; 2 ਕੁਰਿੰਥੀਆਂ 13:5; ਅਫ਼ਸੀਆਂ 3:17; ਕੁਲੁੱਸੀਆਂ 1:27)।

**ਜਿਹੜਾ** ਜੀਵਨ ਪੌਲੁਸ ਸਰੀਰ (ਆਪਣੀ ਨਾਸ਼ਵਾਨ ਦੇਹ) ਵਿਚ ਜੀ ਰਿਹਾ ਸੀ, ਉਹ **ਪਰਮੇਸ਼ੁਰ**

**ਦੇ ਪੁੱਤਰ ਉੱਤੇ ਨਿਹਚਾ ਨਾਲ** ਜੀ ਰਿਹਾ ਸੀ (ਵੇਖੋ 2 ਕੁਰਿੰਥੀਆਂ 5:7)। ਹੁਣ ਉਸ ਦਾ ਆਪਣੀ ਧਾਰਮਿਕਤਾ ਉੱਤੇ ਭਰੋਸਾ ਨਹੀਂ ਬਲਕਿ ਯਿਸੂ ਮਸੀਹ ਦੀ ਧਾਰਮਿਕਤਾ ਉੱਤੇ ਸੀ। ਰਸੂਲ ਦਾ ਮਸੀਹ ਦੀ ਕੁਰਬਾਨੀ ਦਾ ਵਿਚਾਰ ਬੇਹੱਦ ਨਿੱਜੀ ਸੀ। ਉਸ ਨੇ ਯਿਸੂ ਦਾ ਵਰਣਨ **ਜਿਹ ਨੇ *ਮੇਰੇ* ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ *ਮੇਰੇ* ਲਈ ਦੇ ਦਿੱਤਾ** ਦੇ ਰੂਪ ਵਿਚ ਕੀਤਾ। ਉਸ ਨੂੰ ਇਹ ਸਮਝ ਆ ਗਿਆ ਸੀ ਕਿ ਯਿਸੂ ਪੂਰੀ ਦੁਨੀਆ ਵਾਸਤੇ ਮਰਿਆ ਸੀ (1 ਤਿਮੋਥਿਉਸ 2:6); ਇਸ ਦੇ ਬਾਵਜੂਦ ਉਸ ਨੇ ਯਿਸੂ ਨੂੰ ਆਪਣੇ ਨਿੱਜੀ ਮੁਕਤੀਦਾਤੇ ਦੇ ਰੂਪ ਵਿਚ ਵੇਖਿਆ। ਮਸੀਹ ਆਪਣੀ ਮਰਜ਼ੀ ਨਾਲ *ਉਹਦੇ ਲਈ* ਸਲੀਬ ਉੱਤੇ ਮਰਿਆ ਸੀ।

**ਆਇਤ 21.** ਪੌਲੁਸ ਨੇ ਯਿਸੂ ਮਸੀਹ ਵਿਚ ਪ੍ਰਗਟ ਕੀਤੀ ਗਈ **ਪਰਮੇਸ਼ਰ ਦੀ ਕਿਰਪਾ ਨੂੰ ਅਕਾਰਥ ਨਹੀਂ** ਕੀਤਾ ਜਾਂ ਬੇਕਾਰ ਨਹੀਂ ਜਾਣ ਦਿੱਤਾ। ''ਅਕਾਰਥ'' (*atheteō,* ਅਥੇਟਿਓ) ਸ਼ਬਦ ਜਿਹੜਾ 3:15 ਵਿਚ ਫੇਰ ਮਿਲਦਾ ਹੈ, ਨੇਮਾਂ ਅਤੇ ਵਸੀਅਤਾਂ ਲਈ ਵਰਤਿਆ ਜਾਣ ਵਾਲਾ ਇਕ ਕਾਨੂੰਨੀ ਸ਼ਬਦ ਹੈ।[37] ਪੌਲੁਸ ਨੇ ਮਸੀਹ ਵਿਚ ਆਪਣੀ ਮੁਕਤੀ ਨੂੰ ਛੱਡ ਕੇ ਸ਼ਰ੍ਹਾ ਦੀ ਗੁਲਾਮੀ ਵਿਚ ਵਾਪਸ ਨਹੀਂ ਜਾਣਾ ਸੀ (ਵੇਖੋ 5:4)।

ਰਸੂਲ ਨੇ ਜ਼ੋਰ ਦੇ ਕੇ ਆਖਿਆ ਕਿ **ਜੇ ਸ਼ਰਾ ਦੇ ਰਾਹੀਂ ਧਰਮ ਪਰਾਪਤ ਹੁੰਦਾ ਤਾਂ ਮਸੀਹ ਐਵੇਂ ਹੀ ਮੋਇਆ** (''ਬਿਨਾਂ ਮਕਸਦ ਦੇ''; ESV)। ਇਹ ਵਾਕ ਯਹੂਦੀ ਮਤ ਦੇ ਸਿੱਖਿਆ ਦੇਣ ਦੇ ਨਜ਼ਰੀਏ ਦੇ ਬੇਤੁਕੇ ਹੋਣ ਨੂੰ ਵਿਖਾਉਂਦਾ ਹੈ। ਖ਼ੁਦਾ ਦੇ ਸਾਹਮਣੇ ਧਰਮੀ ਹੋਣਾ ਮਸੀਹ ਦੇ ਰਾਹੀਂ ਹੀ ਪਾਇਆ ਜਾ ਸਕਦਾ ਹੈ (3:10–14; ਰੋਮੀਆਂ 3:21–26)।

## ਵਧੇਰੇ ਅਧਿਐਨ ਲਈ:
## ਗਲਾਤੀਆਂ 2:1 ਵਿਚ ਯਰੂਸ਼ਲਮ ਜਾਣਾ
## ਰਸੂਲਾਂ ਦੇ ਕਰਤੱਬ ਵਿਚ ਕਿਸ ਦੌਰੇ ਦੀ ਗੱਲ ਹੈ ?

ਗਲਾਤੀਆਂ 2:1–10 ਯਰੂਸ਼ਲਮ ਵਿਚ ਕਲੀਸੀਆ ਦੇ ਦਿੱਗਜਾ ਨੂੰ ਮਿਲਣ ਜਾਣ ਸਬੰਧੀ ਘਟਨਾਵਾਂ ਦੇ ਸਿਲਸਿਲੇਵਾਰ ਹੋਣ ਦੀ ਚਰਚਾ ਕਰਦਿਆਂ ਇਨ੍ਹਾਂ ਉਪਯੋਗੀ ਗੱਲਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ:

1. ਲੂਕਾ ਨੇ ਉਨ੍ਹਾਂ ਘਟਨਾਵਾਂ ਦਾ ਜਿਨ੍ਹਾਂ ਨੂੰ ਉਹ ''ਜਿਵੇਂ ਹੋਇਆ ਹੈ ਤਿਵੇਂ'' (ਲੂਕਾ 1:3) ਜਾਂ ''ਸ਼ੁਰੂ ਕਰਕੇ ਜਿਵੇਂ ਹੋਇਆ ਸੀ'' (ਕਰਤੱਬ 11:4) ਲਿਖ ਰਿਹਾ ਸੀ, ਉਨ੍ਹਾਂ ਘਟਨਾਵਾਂ ਨੂੰ ਦੱਸਣ ਦਾ ਦਾਅਵਾ ਕੀਤਾ। ਇਨ੍ਹਾਂ ਸੰਦਰਭਾਂ ਵਿਚ ਵਰਤਿਆ ਗਿਆ ਸ਼ਬਦ (*kathexēs,* ਕੈਥੇਕਸ) ਹੈ ਜਿਸ ਦਾ ਅਰਥ ਹੈ ''ਸਮਾਂ, ਸਥਾਨ ਜਾਂ ਤਰਕ ਵਿਚ ਤਰਤੀਬ ਹੋਣਾ, *ਤਰਤੀਬਬੱਧ,* ਇਕ ਦੇ ਬਾਅਦ ਇਕ।''[38]

2. ਗਲਾਤੀਆਂ 1 ਅਤੇ 2 ਵਿਚ ਪੌਲੁਸ ਰਸੂਲ ਦੀ ਆਪਣੀ ਪਦਵੀ ਦਾ। ਖ਼ਾਸਕਰ, ਦੂਜੇ ਰਸੂਲਾਂ ਨਾਲੋਂ ਅਲਹਿਦਾ ਉਸ ਨੂੰ ਖੁਸ਼ਖ਼ਬਰੀ ਮਿਲਣ ਦੇ ਸਬੰਧ ਵਿਚ, ਬਚਾਅ ਕਰ ਰਿਹਾ ਸੀ। ਅਸਲ ਵਿਚ ਇਹੀ ਇੱਕੋ ਉਹ ਕਾਰਣ ਸੀ ਜਿਹੜਾ 1:18, 19 ਅਤੇ 2:1–10 ਵਿਚ ਉਸ ਦੇ ਯਰੂਸ਼ਲਮ ਜਾਣ ਦਾ ਕਾਰਣ ਬਣਿਆ।

3. ਲੂਕਾ ਨੂੰ ਰਸੂਲਾਂ ਦੇ ਕਰਤੱਬ ਵਿਚ ਪੌਲੁਸ ਦੇ ਰਸੂਲ ਹੋਣ ਦੀ ਹਰ ਗੱਲ ਦੱਸਣ ਦਾ ਜ਼ਿੰਮਾ ਨਹੀਂ ਸੀ। ਉਸ ਨੇ ਜ਼ਾਹਿਰ ਤੌਰ ਤੇ ਮਸੀਹੀ ਲਹਿਰ ਦੇ ਸ਼ੁਰੂ ਅਤੇ ਉਸ ਦੇ ਵੱਧਣ ਦਾ ਸਧਾਰਣ ਵੇਰਵਾ ਦਿੱਤਾ। ਭਾਵੇਂ ਇਹ ਸਪਸ਼ੱਟ ਹੈ ਕਿ ਲੂਕਾ ਪਤਰਸ ਦੀ ਬਜਾਇ ਪੌਲੁਸ ਦੇ ਬਹੁਤਾ ਕਰੀਬ ਸੀ, ਉਹਦੇ ਲਈ ਰਸੂਲਾਂ ਦੇ ਕਰਤੱਬ ਵਿਚ ਪਤਰਸ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਅਪਮਾਨਜਨਕ ਗੱਲ ਲਿਖਣ ਦਾ ਕੋਈ ਕਾਰਣ ਨਹੀਂ ਲਗਦਾ। ਆਖ਼ਰ ਪਤਰਸ ਕਲੀਸੀਆ ਦੇ ਸ਼ੁਰੂ ਵਿਚ ਇਕ ਖ਼ਾਸ ਸ਼ਖ਼ਸੀਅਤ ਸੀ।

4. ਪੌਲੁਸ ਲਈ ਸਥਿਤੀ ਬਿਲਕੁਲ ਫ਼ਰਕ ਸੀ। ਉਹਦੀ ਰਸੂਲ ਦੀ ਪਦਵੀ ਨੂੰ ਇਕ ਪਾਸੇ ਜਿੱਥੇ ਦੂਜੇ ਦਰਜੇ ਦੀ ਘਟੀਆ ਕਹਿ ਕੇ ਉਸ ਉੱਤੇ ਹਮਲਾ ਕੀਤਾ ਜਾ ਰਿਹਾ ਸੀ, ਉੱਥੇ ਹੀ ਪਤਰਸ ਦੇ ਨਾਲ ਸਾਵੇਂ ਹੋਣ (2:6–9) ਅਤੇ ਅੰਤਾਕੀਆ ਵਿਚ ਪਤਰਸ ਦਾ ਸਾਹਮਣਾ (2:11–21) ਦੇ ਰੂਪ ਵਿਚ ਉਹਦਾ ਕਬੂਲਿਆ ਜਾਣਾ, ਉਹਦੇ ਤਰਕ ਲਈ ਢੁਕਵਾਂ ਸੀ।

5. ਲੂਕਾ ਪੌਲੁਸ ਦੇ ਮਨਬਦਲੀ ਬਾਅਦ ਯਰੂਸ਼ਲਮ ਕਈ ਵਾਰ ਜਾਣ ਬਾਰੇ ਲਿਖਦਾ ਹੈ। ਉਸ ਦੇ ਦੌਰੇ ਜਿਹੜੇ ਚਰਚਾ ਲਈ ਢੁਕਵੇਂ ਹਨ, ਇਸ ਤਰ੍ਹਾਂ ਹਨ:

ਰਸੂਲਾਂ ਦੇ ਕਰਤੱਬ 9:26–29 ਵਿਚ, ਪੌਲੁਸ ਯਰੂਸ਼ਲਮ ਨੂੰ ਗਿਆ, ਜਿੱਥੇ ਬਰਨਬਾਸ ਦੇ ਰਾਹੀਂ ਉਸ ਨੂੰ ਰਸੂਲਾਂ (ਖ਼ਾਸਕਰ ਪਤਰਸ) ਨਾਲ ਮਿਲਵਾਇਆ ਗਿਆ। ਮੁਲਾਕਾਤ ਦਮਿਸ਼ਕ ਵਿਚ ਪੌਲੁਸ ਦੀ ਮਨਬਦਲੀ ਦੇ ਤੇਰਾਂ ਸਾਲਾਂ ਬਾਅਦ ਹੋਈ (ਗਲਾਤੀਆਂ 1:18, 19)।

ਰਸੂਲਾਂ ਦੇ ਕਰਤੱਬ 11:29, 30 ਅਤੇ 12:25 ਵਿਚ ਪੌਲੁਸ ਅਤੇ ਬਰਨਬਾਸ ਨੇ ਯਰੂਸ਼ਲਮ ਦੇ ਐਲਡਰਾਂ ਕੋਲ ਅਕਾਲ ਰਾਹਤ ਲਈ ਅੰਤਾਕੀਆ ਵੱਲੋਂ ਮਾਲੀ ਮਦਦ ਪਹੁੰਚਾਈ। ਲੂਕਾ ਦੇ ਵਿਰਤਾਂਤ ਵਿਚ, ਇਹ ਪੌਲੁਸ ਦਾ ਦੂਜੀ ਵਾਰ ਯਰੂਸ਼ਲਮ ਜਾਣਾ ਸੀ। ਭਲਾ ਪੌਲੁਸ ਨੇ ਇਸ ਦੌਰੇ ਨੂੰ ਛੱਡ ਦਿੱਤਾ, ਜਾਂ ਇਹ ਗਲਾਤੀਆਂ 2:1–10 ਵਾਲਾ ਦੌਰਾ ਹੋ ਸਕਦਾ ਹੈ, ਜਿਹੜਾ ''ਮੁਕਾਸ਼ਫ਼ਾ'' ਮਿਲਣ ਦੇ ਬਾਅਦ ਹੋਇਆ ਸੀ? (2:2 ਤੇ ਟਿੱਪਣੀਆਂ ਵੇਖੋ।)

ਰਸੂਲਾਂ ਦੇ ਕਰਤੱਬ 15 ਵਿਚ ਪੌਲੁਸ ਅਤੇ ਬਰਨਬਾਸ ਸੁੰਨਤ ਅਤੇ ਸ਼ਰ੍ਹਾ ਨੂੰ ਮੰਨਣ ਸਬੰਧੀ ਹੋਣ ਵਾਲੀ ਸਭਾ ਵਿਚ ਭਾਗ ਲੈਣ ਲਈ ਯਰੂਸ਼ਲਮ ਗਏ ਸਨ। ਉਨ੍ਹਾਂ ਨੂੰ ਭਾਈਆਂ ਵੱਲੋਂ ਜਾਣ ਲਈ ਠਹਿਰਾਇਆ ਗਿਆ ਹੋਵੇਗਾ (ਕਰਤੱਬ 15:2),[39] ਪਰ ਲਿਖਤ ਕਿਸੇ ਮੁਕਾਸ਼ਫ਼ੇ ਦੀ ਗੱਲ ਨਹੀਂ ਦੱਸਦੀ।

## ਪ੍ਰਾਸੰਗਿਕਤਾ

**ਬਰਨਬਾਸ ਦਾ ਸੁਭਾਅ, ਭਾਗ 1 (2:1-10, 13)**

ਬਰਨਬਾਸ ਨੂੰ ਪੌਲੁਸ ਦੇ ਹਮਸਫ਼ਰ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ, ਪਰ ਆਮ ਤੌਰ ਤੇ ਉਸ ਉੱਤੇ ਐਨਾਂ ਧਿਆਨ ਨਹੀਂ ਦਿੱਤਾ ਜਾਂਦਾ। ਇਨ੍ਹਾਂ ਸਕਾਰਾਤਮਕ ਗੁਣਾਂ ਉੱਤੇ ਵਿਚਾਰ ਕਰੋ ਜਿਹੜੇ ਉਸ ਦੇ ਸਨ ਅਤੇ ਉਨ੍ਹਾਂ ਤੋਂ ਸਾਨੂੰ ਪ੍ਰਭੂ ਦੇ ਨਾਲ ਹੋਰ ਨੇੜੇ ਹੋ ਕੇ ਚੱਲਣ ਦੀ ਪ੍ਰੇਰਣਾ ਮਿਲ ਸਕਦੀ ਹੈ।

*ਉਹ ''ਉਪਦੇਸ਼ ਦਾ ਪੁੱਤਰ'' ਸੀ।* ਉਹਦਾ ਅਸਲ ਨਾਂਅ ਯੂਸੁਫ਼ ਸੀ, ਪਰ ਰਸੂਲਾਂ ਨੇ ਉਸ ਨੂੰ ''ਬਰਨਬਾਸ'' ਨਾਂ ਦੇ ਦਿੱਤਾ ਜਿਸ ਦਾ ਅਰਥ ਹੈ ''ਉਪਦੇਸ਼ ਦਾ ਪੁੱਤਰ'' (ਕਰਤੱਬ 4:36)। ਯੂਨਾਨੀ ਸ਼ਬਦ (*paraklēsis,* ਪੈਰਾਕਲੇਸਿਸ) ਜਿਸ ਦਾ ਅਨੁਵਾਦ ''ਉਪਦੇਸ਼'' ਹੋਇਆ ਹੈ, ਇਸ ਦਾ ਅਨੁਵਾਦ ''ਦਲੇਰੀ'' (NASB) ਜਾਂ ''ਤਾੜਨਾ'' (NEB) ਵੀ ਹੋ ਸਕਦਾ ਹੈ। ਮੁੱਢਲੀ ਕਲੀਸੀਆ ਦੇ ਇਤਿਹਾਸ ਰਿਕਾਰਡ ਵਿਚ ਲੂਕਾ ਨੇ ਇਸ ਆਦਮੀ ਨੂੰ ਨਵੇਕਲਾ ਕੀਤਾ ਜਿਸ ਵਿਚ ਤਸੱਲੀ, ਦਲੇਰੀ ਅਤੇ ਤਾੜਨਾ ਦੇਣ ਦੀਆਂ ਖੂਬੀਆਂ ਸਨ। ਜ਼ਾਹਿਰ ਹੈ ਕਿ ਉਸ ਵਿਚ ਅਜਿਹਾ ਕੁਝ ਹੈ ਸੀ ਜਿਸ ਤੋਂ ਉਹਦੀ ਰੂਹਾਨੀਅਤ ਸਬੰਧੀ ਰਸੂਲ ਬੜੇ ਹੀ ਪ੍ਰਭਾਵਿਤ ਸਨ।

''ਦਾ ਪੁੱਤਰ'' ਦਾ ਇਜ਼ਹਾਰ ਇਕ ਯਹੂਦੀ ਮੁਹਾਵਰਾ ਸੀ ਜੋ ਬੇਹੱਦ ਸੰਜੀਦਾ ਲਗਦਾ ਹੈ। ਇਹ ਤਾਂ ਅਜਿਹਾ ਹੈ ਜਿਵੇਂ ਕੋਈ ਕੋਈ ਚੀਜ਼ (ਇੱਥੇ, ''ਉਪਦੇਸ਼'') ਨਾਲ ਜੰਮਿਆ ਹੋਵੇ ਅਤੇ ਉਸ ਵਿਚ ਉਸੇ ਦਾ ਸੁਭਾਅ ਹੋਵੇ। ਨਵੇਂ ਨੇਮ ਵਿਚ ਇਸ ਇਜ਼ਹਾਰ ਵਾਲੀਆਂ ਹੋਰ ਉਦਾਹਰਣਾ ਵਿਚ ''ਅਣਆਗਿਆਕਾਰੀ'' (ਅਫ਼ਸੀਆਂ 2:2), ''ਨਰਕ ਦਾ ਪੁੱਤਰ'' (ਮੱਤੀ 23:15), ''ਗਰਜਣ ਦੇ

ਪੁੱਤਰ'' (ਮਰਕੁਸ 3:17), ''ਚਾਨਣ ਦੇ ਪੁੱਤਰ'' (ਲੂਕਾ 16:8), ਅਤੇ ''ਕਿਆਮਤ ਦੇ ਪੁੱਤਰ'' (ਲੂਕਾ 20:36) ਆਉਂਦੀਆਂ ਹਨ। ਬਰਨਬਾਸ ਦਾ ਸੁਭਾਅ ਦੂਜਿਆਂ ਨੂੰ ਪ੍ਰਭੂ ਦੇ ਮਗਰ ਚੱਲਣ ਵਾਲਾ ਦਲੇਰ ਕਰਨ ਵਾਲਾ ਸੀ। ਉਹ ਦੂਜਿਆਂ ਨੂੰ ਡੇਗਣ ਦੀ ਬਜਾਇ ਚੁੱਕ ਰਿਹਾ ਸੀ।

ਉਹ *ਦਰਿਆਦਿਲ* ਸੀ (ਕਰਤੱਬ 4:37)। ਦੂਜਿਆਂ ਲਈ ਬਰਨਬਾਸ ਦੀ ਚਿੰਤਾ ਕਲੀਸੀਆ ਲਈ ਉਸ ਦੇ ਖੁੱਲ੍ਹਦਿਲੀ ਵਾਲੇ ਯੋਗਦਾਨ ਤੋਂ ਸੰਤੁਸ਼ਟ ਹੈ। ਲੂਕਾ ਨੇ ਲਿਖਿਆ ਕਿ ਉਦੇ ਕੋਲ ਕੁਝ ਜ਼ਮੀਨ ਸੀ, ਉਹ ਨੂੰ ਵੇਚ ਕੇ ਮੁਲ ਦਾ ਰੁਪਈਆ ਲਿਆਂਦਾ ਅਤੇ ਰਸੂਲਾਂ ਦੇ ਚਰਣਾ ਉੱਤੇ ਧਰਿਆ'' (ਕਰਤੱਬ 4:37)। ਬਰਨਬਾਸ ਉਸ ਖੁੱਲ੍ਹਦਿਲੀ ਦੀ ਸ਼ਾਨਦਾਰ ਉਦਾਰ ਦਿੰਦਾ ਹੈ ਜਿਸ ਨੇ ਮੁੱਢਲੀ ਕਲੀਸੀਆ ਨੂੰ ਉਸ ਰੌਸ਼ਨੀ ਨੂੰ ਚਮਕਾਉਣ ਲਈ ਜਿਹਦੀ ਯਿਸੂ ਨੇ ਗੱਲ ਕੀਤੀ, ਪ੍ਰੇਰਣਾ ਦਿੱਤੀ ਅਤੇ ਮਜ਼ਬੂਤ ਕਰਨ ਦਾ ਕੰਮ ਕੀਤਾ। ਲੋਕ ਉਨ੍ਹਾਂ ਦੇ ਨੇਕ ਕੰਮਾਂ ਨੂੰ ਵੇਖ ਕੇ ''ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ'' ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦੇ ਸਨ (ਮੱਤੀ 5:16)।

ਬਰਨਬਾਸ ਦੀ ਖੁੱਲ੍ਹਦਿਲੀ ਸਭ ਨੂੰ ਪਤਾ ਸੀ, ਜੋ ਇਸ ਦੇ ਉਲਟ ਭਾਵ ਲੋਭ ਜਾਂ ਲਾਲਚ ਦੇ ਪਾਪ ਦੇ ਉਲਟ ਹੈ। ਕੁਲੁੱਸੀਆਂ 3:5 ਵਿਚ ਪੌਲੁਸ ਨੇ ''ਲੋਭ'' ਨੂੰ ਪਾਪਾਂ ਦੀ ਸੂਚੀ ਵਿਚ ਰੱਖਿਆ ਜਿਹੜੇ ਪਾਪ ਵਿਚ ਡਿੱਗੀ ਮਨੁੱਖ ਜਾਤੀ ਲਈ ਆਮ ਹਨ, ਜਿਨ੍ਹਾਂ ਨੂੰ ਮਸੀਹੀ ਲੋਕਾਂ ਨੂੰ ਮਾਰਨਾ ਜ਼ਰੂਰੀ ਹੈ। ਉਸ ਨੇ ਇਸ ਲਾਲਚ ਨੂੰ ''ਮੂਰਤੀਪੂਜਾ'' ਨਾਲ ਮਿਲਾਇਆ। ਦੌਲਤ ਦੀ ਇੱਛਾ ਜ਼ਿੰਦਗੀ ਵਿਚ ਅਹਿਮ ਟੀਚਾ ਅਤੇ ਸੁਰੱਖਿਆ ਦਾ ਅਧਾਰ ਬਣ ਕੇ ਉਸ ਬੁਨਿਆਦੀ ਵਿਸ਼ਵਾਸ ਨੂੰ ਖੋਹ ਸਕਦਾ ਹੈ ਜਿਹੜਾ ਸਿਰਫ਼ ਤੇ ਸਿਰਫ਼ ਖ਼ੁਦਾ ਦਾ ਹੈ। ਕਿਸੇ ਹੋਰ ਜਗ੍ਹਾ ਪੌਲੁਸ ਨੇ ਚਿਤਾਵਨੀ ਦਿੱਤੀ ਕਿ ''ਓਹ ਜਿਹੜੇ ਧਨਵਾਨ ਬਣਿਆ ਚਾਹੁੰਦੇ ਹਨ ਸੋ ਪਰਤਾਵੇ ਅਤੇ ਫਾਹੀ ਵਿਚ ਅਤੇ ਬਹੁਤਿਆਂ ਮੂਰਖਪੁਣੇ ਦਿਆਂ ਅਤੇ ਨੁਕਸਾਨ ਕਰਨ ਵਾਲਿਆਂ ਵਿਸ਼ਿਆਂ ਵਿਚ ਪੈਂਦੇ ਹਨ ਜੋ ਮਨੁੱਖਾਂ ਨੂੰ ਤਬਾਹੀ ਅਤੇ ਨਾਸ ਦੇ ਸਮੁੰਦਰ ਵਿਚ ਡੋਬ ਦਿੰਦੇ ਹਨ'' (1 ਤਿਮੋਥਿਉਸ 6:9)। ਬਰਨਬਾਸ ਅਜਿਹਾ ਆਦਮੀ ਨਹੀਂ ਸੀ, ਇਸ ਦੇ ਉਲਟ ਉਹ ਖੁੱਲ੍ਹਦਿਲੀ ਦਾ ਨਮੂਨਾ ਸੀ।

*ਉਹ ਬਹਾਦਰ ਸੀ।* ਬਰਨਬਾਸ ਇਕ ਬਹਾਦਰ ਆਦਮੀ ਸੀ ਜਿਹਦਾ ਤਰਸੁਸਵਾਸੀ ਦੀ ਪੂਰੀ ਮਨਬਦਲੀ ਦੇ ਨਾਲ ਮੇਲ ਜੋਲ ਤੋਂ ਪਤਾ ਲਗਦਾ ਹੈ। ਦਮਿਸ਼ਕ ਵਿਚ ਮੁਸ਼ਕਿਲ ਨਾਲ ਮਰਨੋ ਬਚਨ ਦੇ ਬਾਅਦ ਪੌਲੁਸ ਨੇ ਸੰਤਾਂ ਨਾਲ ਮਿਲਣ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਸਨ।

> ਜਾਂ ਉਹ ਯਰੂਸ਼ਲਮ ਵਿਚ ਆਇਆ ਤਾਂ ਚੇਲਿਆਂ ਵਿਚ ਰਲ ਜਾਣ ਦਾ ਜਤਨ ਕੀਤਾ ਪਰ ਸਭ ਉਸ ਤੋਂ ਡਰਦੇ ਸਨ ਕਿਉਂ ਜੋ ਉਹ ਦੇ ਚੇਲੇ ਹੋਣ ਨੂੰ ਸਤ ਨਾ ਮੰਨਿਆ। ਪਰ ਬਰਨਬਾਸ ਉਹ ਨੂੰ ਰਸੂਲਾਂ ਦੇ ਕੋਲ ਲੈ ਗਿਆ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਨੇ ਕਿਸ ਪਰਕਾਰ ਰਾਹ ਵਿਚ ਪ੍ਰਭੂ ਯਿਸੂ ਨੂੰ ਡਿੱਠਾ ਸੀ ਅਤੇ ਉਸ ਨੇ ਉਹ ਦੇ ਨਾਲ ਗੱਲਾਂ ਕੀਤੀਆਂ ਅਤੇ ਉਹ ਕਿਸ ਤਰ੍ਹਾਂ ਦੰਮਿਸਕ ਵਿਚ ਯਿਸੂ ਦੇ ਨਾਮ ਉੱਤੇ ਬੇਧੜਕ ਵਚਨ ਕਰਦਾ ਸੀ (ਕਰਤੱਬ 9:26, 27)।

ਸਾਨੂੰ ਉਨ੍ਹਾਂ ਹਾਲਾਤ ਬਾਰੇ ਸਿੱਧੇ ਨਹੀਂ ਦੱਸਿਆ ਗਿਆ ਜਿਨ੍ਹਾਂ ਵਿਚ ਬਰਨਬਾਸ ਸੌਲੁਸ ਨਾਲ ਪਹਿਲੀ ਵਾਰ ਮਿਲਿਆ ਸੀ। ਫਿਰ ਵੀ ਸਾਨੂੰ ਐਨਾਂ ਦੱਸਿਆ ਗਿਆ ਹੈ ਕਿ ਬਾਕੀ ਸਭ ਉਹਦੇ ਕੋਲ ਜਾਣ ਤੋਂ ਡਰਦੇ ਸਨ। ਇਹੀ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਬਰਨਬਾਸ ਇਕ ਹਿੰਮਤੀ ਆਦਮੀ ਸੀ। ਦੂਜਿਆਂ ਦਾ ਪੌਲੁਸ ਤੋਂ ਡਰਨਾ ਬਿਨਾਂ ਵਜ੍ਹਾ ਨਹੀਂ ਸੀ। ਅਧਿਆਇ ਦੇ ਸ਼ੁਰੂ ਵਿਚ ਦੱਸਿਆ ਗਿਆ ਹੈ ਕਿ ਉਹ ''ਪ੍ਰਭੂ ਦੇ ਚੇਲਿਆਂ ਦੇ ਦਬਕਾਉਣ ਅਤੇ ਕਤਲ ਕਰਨ ਤੇ ਦਮ ਮਾਰਦਾ ਹੋਇਆ ਸਰਦਾਰ ਜਾਜਕ ਦੇ ਕੋਲ ਗਿਆ'' (ਕਰਤੱਬ 9:1)। ਮੁਕਤੀ ਦੀਆਂ ਗੱਲਾਂ ਦੱਸਣ ਲਈ ਸੌਲੁਸ ਕੋਲ ਜਾਣ ਦਾ ਹੁਕਮ ਮਿਲਣ ਵੇਲੇ ਹਨੱਨਯਾਹ ਦਾ ਜਵਾਬ ਵੀ ਉਸ ਦੇ ਕਥਿਤ ਭੈਅ ਦੀ ਤਸਦੀਕ ਕਰਦਾ ਹੈ

(ਕਰਤੱਬ 9:13, 14)। ਆਖ਼ਰ ਸੌਲੁਸ ਨੇ ਮਸੀਹੀ ਲੋਕਾਂ ਨੂੰ ਕੈਦ ਕੀਤਾ ਸੀ, ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਵਾਸਤੇ ਹਾਮੀ ਭਰੀ ਸੀ, ਉਨ੍ਹਾਂ ਨੂੰ ਵਿਦੇਸ਼ੀ ਨਗਰਾਂ ਵਿੱਚੋਂ ਲੱਭਣ ਜਾਂਦਾ ਸੀ ਅਤੇ ਯਿਸੂ ਦੇ ਨਾਂਅ ਦੀ ਨਿੰਦਿਆ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਦਾ ਸੀ (ਕਰਤੱਬ 26:9–11)।

ਬੇਸ਼ੱਕ ਬਰਨਬਾਸ ਲਈ ਇਹ ਜੋਖਿਮ ਲੈਣ ਲਈ ਬੜੀ ਹਿੰਮਤ ਦੀ ਲੋੜ ਸੀ। ਉਸ ਨੇ ਨਾ ਸਿਰਫ਼ ਹਿੰਮਤ ਵਿਖਾਈ ਬਲਕਿ ਆਪਣੇ ਉਸ ਨਾਂਅ ਦੀ ਜਿਹੜਾ ਰਸੂਲਾਂ ਨੇ ਉਸ ਨੂੰ ਦਿੱਤਾ ਸੀ ''ਉਪਦੇਸ਼ ਦਾ ਪੁੱਤਰ'' ਇੱਜ਼ਤ ਵੀ ਰੱਖੀ। ਪੌਲੁਸ ਹੁਣ ਯਹੂਦੀਆਂ ਦੀ ਨਜ਼ਰ ਵਿਚ ਗੱਦਾਰ ਸੀ ਅਤੇ ਪ੍ਰਭੂ ਦੇ ਚੇਲੇ ਵੀ ਉਸ ਤੋਂ ਕਿਨਾਰਾ ਕਰਦੇ ਸਨ। ਉਹ ਆਪਣੇ ਆਪ ਵਿਚ ਇਕੱਲਾ ਮਹਿਸੂਸ ਕਰਦਾ ਹੋਵੇਗਾ ਅਤੇ ਦਿਲੇਰੀ ਜਾਂ ਤਸੱਲੀ ਦੀ ਲੋੜ ਮਹਿਸੂਸ ਕਰਦਾ ਹੋਵੇਗਾ ਜਿਹੜੀ ਯਰੂਸ਼ਲਮ ਦੀ ਕਲੀਸੀਆ ਨਾਲ ਉਸ ਨੂੰ ਮਿਲਵਾ ਕੇ ਬਰਨਬਾਸ ਨੇ ਉਸ ਨੂੰ ਦਿੱਤੀ।

*ਉਹ ਭਰੋਸੇ ਦੇ ਯੋਗ ਸੀ।* ਯਰੂਸ਼ਲਮ ਕਲੀਸੀਆ ਉੱਤੇ ਸਤਾਅ ਦੇ ਕਾਰਣ ਮਸੀਹੀ ਲੋਕ ਫਲਸਤੀਨ ਅਤੇ ਉਸ ਤੋਂ ਅੱਗੇ ਹੋਰ ਹਿੱਸਿਆ ਵਿਚ ਖਿੰਡ ਪੁੰਡ ਗਏ ਸਨ। ਕਿਤੇ ਵੀ ਜਾਂਦੇ ਦੂਜਿਆਂ ਨੂੰ ਮਸੀਹ ਦੀ ਖੁਸ਼ਖ਼ਬਰੀ ਸੁਣਾ ਦਿੰਦੇ। ਕੁਰਨੇਲਿਉਸ ਦੇ ਘਰਾਣੇ ਵਿਚ ਗੈਰਕੌਮਾਂ ਦੀ ਪਹਿਲੀ ਮਨਬਦਲੀ ਦੇ ਬਾਅਦ ''ਕਈ ਕੁਪਰੁਸ ਅਰ ਕੁਰੇਨੇ ਦੇ ਮਨੁੱਖ ਸਨ ਜਿਨ੍ਹਾਂ ਅੰਤਾਕੀਆ ਵਿਚ ਆਣ ਕੇ ਪ੍ਰਭੂ ਯਿਸੂ ਦੀ ਖੁਸ਼ ਖਬਰੀ ਸੁਣਾਉਂਦੇ ਹੋਏ ਯੂਨਾਨੀਆਂ ਨਾਲ ਵੀ ਗੱਲਾਂ ਕੀਤੀਆਂ।'' ਜਿਸ ਦਾ ਨਤੀਜਾ ਇਹ ਹੋਇਆ ਕਿ ''ਪ੍ਰਭੂ ਦਾ ਹੱਥ ਉਨ੍ਹਾਂ ਦੇ ਨਾਲ ਸੀ ਅਤੇ ਬਾਹਲੇ ਲੋਕ ਨਿਹਚਾ ਕਰ ਕੇ ਪ੍ਰਭੂ ਦੀ ਵੱਲ ਫਿਰੇ'' (ਕਰਤੱਬ 11:20, 21)।

ਜਦ ਯਰੂਸ਼ਲਮ ਦੀ ਕਲੀਸੀਆ ਨੇ ਉਨ੍ਹਾਂ ਬਹੁਤ ਸਾਰੇ ਲੋਕਾਂ ਬਾਰੇ ਸੁਣਿਆ ਜਿਹੜੇ ਮਸੀਹ ਵਿਚ ਇਮਾਨ ਲਿਆਏ ਸਨ ਤਾਂ ਉਨ੍ਹਾਂ ਨੇ ਬਰਨਬਾਸ ਨੂੰ ਅੰਤਾਕੀਆ ਵਿਚ ਭੇਜਿਆ (ਕਰਤੱਬ 11:22) । ਬੇਸ਼ੱਕ ਉਨ੍ਹਾਂ ਨੇ ਉਸ ਨੂੰ ਇਸ ਕਰਕੇ ਚੁਣਿਆ ਕਿਉਂ ਜੋ ਉਹ ਭਰੋਸੇ ਦੇ ਯੋਗ ਸਨ। ਜ਼ਹਿਰ ਹੈ ਕਿ ਉਹ ਯਰੂਸ਼ਲਮ ਦੀ ਕਲੀਸੀਆ ਦੀਆਂ ਅੱਖਾਂ ਅਤੇ ਕੰਨਾਂ ਦਾ ਕੰਮ ਕਰ ਰਿਹਾ ਸੀ ਜਦੋਂ ਉਸ ਨੂੰ ਪੂਰਾ ਇਖ਼ਤਿਆਰ ਦੇ ਕੇ ਭੇਜਿਆ ਗਿਆ। ਜਿੱਥੋਂ ਤਕ ਲਿਖਤ ਦੱਸਦੀ ਹੈ, ਅੰਤਾਕੀਆ ਦੀ ਸਥਿਤੀ ਦੇ ਉਸ ਦੇ ਜਾਇਜ਼ੇ ਦੀ ਤਸਦੀਕ ਕਰਨ ਲਈ ਕਿਸੇ ਹੋਰ ਨੂੰ ਨਹੀਂ ਭੇਜਿਆ ਗਿਆ। ਹੋਰ ਤਾਂ ਹੋਰ ਉਹ ਉੱਥੋਂ ਦੀ ਸਥਿਤੀ ਬਾਰੇ ਜ਼ਬਾਨੀ ਤੌਰ ਤੇ ਦੱਸਣ ਲਈ ਯਰੂਸ਼ਲਮ ਵਿਚ ਵੀ ਨਹੀਂ ਮੁੜਿਆ। ਯਰੂਸ਼ਲਮ ਦੀ ਕਲੀਸੀਆ ਦੇ ਆਗੂਆਂ ਨੂੰ ਭਰੋਸਾ ਸੀ ਕਿ ਬਰਨਬਾਸ ਹਾਲਾਤ ਦਾ ਸਹੀ ਜਾਇਜ਼ਾ ਲੈ ਕੇ ਉਸੇ ਦੇ ਮੁਤਾਬਿਕ ਕਰੇਗਾ। ''ਸੋ ਜਾਂ ਉਹ ਉੱਥੇ ਪਹੁੰਚਿਆ ਅਤੇ ਪਰਮੇਸ਼ੁਰ ਦੀ ਕਿਰਪਾ ਵੇਖੀ ਤਾਂ ਅਨੰਦ ਹੋਇਆ ਅਰ ਉਨ੍ਹਾਂ ਸਭਨਾਂ ਨੂੰ ਉਪਦੇਸ਼ ਦਿੱਤਾ ਕਿ ਦਿਲ ਦੀ ਤਕੜਾਈ ਨਾਲ ਪ੍ਰਭੂ ਵੱਲ ਲੱਗੇ ਰਹੋ'' (ਕਰਤੱਬ 11:23)।[40]

**ਬਰਨਬਾਸ ਦਾ ਸੁਭਾਅ, ਭਾਗ 2 (2: 1-10, 13)**

ਗੈਰਕੌਮਾਂ ਦੇ ਰਸੂਲ ਨੇ ਭਾਵੇਂ ਫਿੱਕਾ ਕਰ ਦਿੱਤਾ, ਪਰ ਬਰਨਬਾਸ ਆਪਣੇ ਹੱਕ ਵਿਚ ਇਕ ਅਨੋਖਾ ਮਸੀਹੀ ਸੀ। ਉਹਦੇ ਸੁਭਾਅ ਦੀਆਂ ਕੁਝ ਖ਼ਾਸ ਗੱਲਾਂ ਤੇ ਵਚਾਰ ਕਰੋ।

*ਉਹ ''ਭਲਾ ਮਾਨਸ'' ਸੀ।* ਆਪਣੇ ਵਿਰਤਾਂਤ ਨੂੰ ਜਾਰੀ ਰਖਦਿਆਂ ਲੂਕਾ ਨੇ ਬਰਨਬਾਸ ਨੂੰ ''ਭਲਾ ਮਾਨਸ'' ਦੱਸਿਆ (ਕਰਤੱਬ 11:24)। ਸਾਡੇ ਲਈ ਕਿਸੇ ਨੂੰ ''ਭਲਾ ਮਾਨਸ'' ਕਹਿਣਾ ਆਮ ਗੱਲ ਹੋ ਸਕਦੀ ਹੈ। ਪਰ ਲਿਖਤ ਵਿਚ ਇਹ ਆਮ ਨਹੀਂ ਹੈ। ਨਵੇਂ ਨੇਮ ਵਿਚ ਬਰਨਬਾਸ ਤੇ ਅਰਿਮਥੇਆ ਦਾ ਯੂਸੁਫ਼ (ਲੂਕਾ 23:50) ਹੀ ਓਹ ਚੇਲੇ ਹਨ ਜਿਨ੍ਹਾਂ ਨੂੰ ਨਿੱਜੀ ਤੌਰ ਤੇ ਵਿਸ਼ੇਸ਼ਣ ਸ਼ਬਦ ''ਭਲਾ'' (*agathos,* ਅਗਾਥੋਸ) ਆਖ ਕੇ ਉਨ੍ਹਾਂ ਦਾ ਵਰਣਨ ਕੀਤਾ ਗਿਆ ਹੈ। ਗਲਾਤੀਆਂ ਦੇ ਖ਼ਤ ਵਿਚ ਇਸ ਸ਼ਬਦ ਦਾ ਨਾਉਂ ਰੂਪ ''ਆਤਮਾ ਦੇ ਫਲ'' ਦੇ ਰੂਪ ਵਿਚ ਦਿੱਤਾ ਗਿਆ ਹੈ (5:22)।

*ਉਹ ''ਪਵਿੱਤਰ ਅਤੇ ਨਿਹਚਾ ਨਾਲ ਭਰਪੂਰ'' ਸੀ।* ''ਭਲਾ ਮਾਨਸ'' ਹੋਣ ਦੇ ਨਾਲ ਨਾਲ ਬਰਨਬਾਸ ਨੂੰ ''ਪਵਿੱਤਰ ਅਤੇ ਨਿਹਚਾ ਨਾਲ ਭਰਪੂਰ'' ਵੀ ਦੱਸਿਆ ਗਿਆ ਹੈ (ਕਰਤੱਬ 11:24)। ਬਰਨਬਾਸ ਦੀ ਜ਼ਿੰਦਗੀ ਵਿਚ ਆਤਮਾ ਦੀ ਗਤੀਵਿਧੀ ਨੂੰ ਰਸੂਲਾਂ ਦੇ ਕਰਤੱਬ 4 ਵਿਚ ਪਿੱਛੇ ਵੇਖਿਆ ਜਾ ਸਕਦਾ ਹੈ। ਉਸ ਸਮੇਂ ਜਦੋਂ ਮੁੱਢਲੀ ਕਲੀਸੀਆ ਯਹੂਦੀ ਅਧਿਕਾਰੀਆਂ ਦੇ ਵਿਰੋਧ ਨਾਲ ਖ਼ਤਮ ਹੋਣ ਦੇ ਖ਼ਤਰੇ ਵਿਚ ਸੀ, ਪਵਿੱਤਰ ਆਤਮਾ ਨੇ ਚੇਲਿਆਂ ਦੀ ਦੁਆ ਦੇ ਜਵਾਬ ਵਿਚ ਜ਼ਬਰਦਸਤ ਤਰੀਕੇ ਨਾਲ ਦਖਲ ਦਿੱਤਾ: ''ਸੱਭੋ ਪਵਿੱਤਰ ਆਤਮਾ ਨਾਲ ਭਰਪੂਰ ਹੋ ਗਏ ਅਰ ਪਰਮੇਸ਼ੁਰ ਦਾ ਵਚਨ ਦਲੇਰੀ ਨਾਲ ਸੁਣਾਉਣ ਲੱਗੇ'' (ਕਰਤੱਬ 4:31)। ਫਿਰ ਵੀ ਆਤਮਾ ਦਾ ਕੰਮ ਸ਼ਕਤੀਸ਼ਾਲੀ ਢੰਗ ਨਾਲ ਹੋ ਰਿਹਾ ਸੀ ਪਰ ਚੇਲਿਆਂ ਦੀ ਜ਼ਬਾਨੀ ਗਵਾਹੀ ਨਾਲੋਂ ਬਹੁਤ ਅੱਗੇ ਸੀ। ਕਿਉਂ ਜੋ ਮੰਡਲੀ ਵੀ ਆਤਮਾ ਦੀ ਏਕਤਾ ਅਤੇ ਖੁੱਲ੍ਹਦਿਲੀ ਨਾਲ ਭਰਪੂਰ ਸੀ (ਕਰਤੱਬ 4:32–35)। ਇੱਥੇ ਸਾਡੀ ਪਛਾਣ ਬਰਨਬਾਸ ਨਾਲ ਜੋ ''ਉਪਦੇਸ਼ ਦਾ ਪੁੱਤਰ'' ਹੈ, ਕਰਾਈ ਜਾਂਦੀ ਹੈ ਜਿਸ ਨੇ ਆਪਣੀ ਜਾਇਦਾਦ ਵੇਚ ਕੇ ਉਸ ਤੋਂ ਮਿਲਣ ਵਾਲੀ ਰਕਮ ਕਲੀਸੀਆ ਨੂੰ ਦਾਨ ਕਰ ਦਿੱਤੀ। ਯਕੀਨਨ ਹੀ ਉਹਦੇ ਵਿਚ ਦੇਣ ਅਤੇ ਉਪਦੇਸ਼ ਕਰਨ ਦੇ ਰੂਹਾਨੀ ਦਾਨ ਸਨ (ਰੋਮੀਆਂ 12:8)। ਇਸ ਤੋਂ ਇਲਾਵਾ ਬਰਨਬਾਸ ਦਾ ਨਾਂ ਬਾਅਦ ਵਿਚ ਅੰਤਾਕੀਆ ਦੇ ''ਨਬੀ ਅਤੇ ਉਪਦੇਸ਼ਕ'' ਵਿਚ ਆਉਂਦਾ ਹੈ (ਕਰਤੱਬ 13:1); ਅਤੇ ਨਬੂਵਤ ਕਰਨਾ ਅਤੇ ਸਿੱਖਿਆ ਦੇਣਾ ਵੀ ਆਤਮਾ ਦੇ ਦਾਨ ਸਨ (ਰੋਮੀਆਂ 12:6, 7; 1 ਕੁਰਿੰਥੀਆਂ 12:10, 29)।

*ਉਹ ਇਵੈਂਜਲਿਸਟ ਭਾਵ ਖੁਸ਼ਖ਼ਬਰੀ ਸੁਣਾਉਣ ਵਾਲਾ ਸੀ।* ਬਰਨਬਾਸ ਦੇ ਅੰਤਾਕੀਆ ਵਿਚ ਪੁੱਜਣ ਅਤੇ ਉੱਥੋਂ ਦੀ ਕਲੀਸੀਆ ਨੂੰ ਦਲੇਰ ਕਰਨ ਦੇ ਬਾਅਦ, ਲਿਖਤ ਦੱਸਦੀ ਹੈ ਕਿ ''ਬਹੁਤ ਸਾਰੇ ਲੋਕ ਪ੍ਰਭੂ ਦੇ ਨਾਲ ਮਿਲ ਗਏ'' (ਕਰਤੱਬ 11:24)। ਉਹਦੇ ਬਾਅਦ ਬਰਨਬਾਸ ਪੌਲੁਸ ਨੂੰ ਲੱਭਣ ਲਈ ਤਰਸੁਸ ਵਿਚ ਚਲਿਆ ਗਿਆ। ਉਹ ਉਸ ਨੂੰ ਅੰਤਾਕੀਆ ਵਿਚ ਮੋੜ ਲਿਆਇਆ ਜਿੱਥੇ ਦੋਵੇਂ ਜਣੇ ''ਇਕ ਪੂਰਾ ਸਾਲ'' ਸਿਖਾਉਣ ਦੀ ਵੱਡੀ ਸੇਵਕਾਈ ਵਿਚ ਲੱਗੇ ਰਹੇ। ਇਸੇ ਦੌਰਾਨ ਸਭ ਤੋਂ ''ਪਹਿਲਾਂ ਅੰਤਾਕੀਆ ਵਿਚ ਚੇਲੇ ਮਸੀਹੀ ਅਖਵਾਏ'' (ਕਰਤੱਬ 11:25, 26)।

ਇੰਜੀਲ ਸੁਣਾਉਣ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਅਤੇ ਨਿਹਚਾ ਵਿਚ ਨਵੇਂ ਨੇਮ ਇਨ੍ਹਾਂ ਗੈਰਕੌਮ ਬਦਲਣ ਵਾਲਿਆਂ ਨੂੰ ਮਜ਼ਬੂਤ ਕਰਨ ਲਈ ਸਹਿਕਰਮੀ ਦੇ ਰੂਪ ਵਿਚ ਪੌਲੁਸ ਦੀ ਚੋਣ ਕਰਨ ਵਿਚ ਬਰਨਬਾਸ ਦਾ ਫੈਸਲਾ ਲੈਣ ਦੀ ਸੂਝ–ਬੂਝ ਦਾ ਪਤਾ ਲਗਾ। ਮਸੀਹ ਦੀ ਖੁਸ਼ਖ਼ਬਰੀ ਦੇ ਡੂੰਘੇ ਭੇਤਾਂ ਦਾ ਪ੍ਰਚਾਰ ਕਰਨ ਲਈ ਖ਼ਾਸ ਬੁਲਾਹਟ ਅਤੇ ਰੱਬੀ ਪ੍ਰੇਰਣਾ ਦੇ ਨਾਲ ਨਾਲ ਇਸਰਾਏਲ ਦੀ ਨਿਹਚਾ ਦੀ ਵਿਦਵਤਾ ਭਰੀ ਸਿਖਲਾਈ ਵਾਲਾ ਨਿਰਾਲਾ ਪਿਛੋਕੜ ਪੌਲੁਸ ਦਾ ਸੀ। ਬਰਨਬਾਸ ਨੂੰ ਇਸ ਨਾਲੋਂ ਬੇਹਤਰ ਯੋਗ ਆਦਮੀ ਹੋਰ ਕਿੱਥੋਂ ਮਿਲ ਸਕਦਾ ਸੀ?

*ਉਹ ਹਲੀਮ ਸੀ।* ਬਾਅਦ ਵਿਚ ਜਦ ਪੌਲੁਸ ਦੋਹਾਂ ਵਿੱਚੋਂ ਸਿਰਕੱਢ ਬਣ ਗਿਆ ਤਾਂ ਇਹ ਭੁੱਲ ਜਾਣਾ ਅਸਾਨ ਹੈ ਕਿ ਇੰਜੀਲ ਵਿਚ ਆਪਣੇ ਵੱਡੇ ਕੰਮ ਵਿਚ ਆਪਣੇ ਸਾਥੀ ਦੇ ਰੂਪ ਵਿਚ ਪੌਲੁਸ ਦੀ ਬੇਮਿਸਾਲ ਲਿਆਕਤ ਨੂੰ ਪਛਾਣ ਕੇ ਉਸ ਨੂੰ ਚੁਣਿਆ ਬਰਨਬਾਸ ਨੇ ਹੀ ਸੀ, ਨਾ ਕਿ ਕਿਸੇ ਹੋਰ ਨੇ। ਤਾਂ ਵੀ ਬਰਨਬਾਸ ਨੇ ਗਲਾਤੀਆਂ ਦੀਆਂ ਕਲੀਸੀਆਵਾਂ ਕਾਇਮ ਕਰਦਿਆਂ ਪਹਿਲੀ ਮਿਸ਼ਨਰੀ ਯਾਤਰਾ ਤੇ ਪੌਲੁਸ ਦੇ ਨਾਲ ਖੁਸ਼ੀ ਖੁਸ਼ੀ ਕੰਮ ਕੀਤਾ। ਜਦ ਦੋਹਾਂ ਵਿਚ ਝਗੜਾ ਹੋਇਆ ਤਾਂ ਇਸ ਵਿਚ ਕੋਈ ਹੰਕਾਰ ਵਾਲੀ ਗੱਲ ਨਹੀਂ ਸੀ ਬਲਕਿ ਬਰਨਬਾਸ ਨੇ ਯੂਹੰਨਾ ਨੂੰ ਜਿਹੜਾ ਮਰਕੁਸ ਅਖਵਾਉਂਦਾ ਹੈ, ਜਿਹੜਾ ਪਹਿਲੀ ਯਾਤਰਾ ਤੇ ਵਾਪਸ ਚਲਿਆ ਗਿਆ ਸੀ (ਕਰਤੱਬ 13:13), ਇਕ ਹੋਰ ਮੌਕਾ ਦੇਣਾ ਚਾਹਿਆ। ਪੌਲੁਸ ਉਸ ਨੂੰ ਦੂਜੀ ਯਾਤਰਾ ਤੇ ਨਾਲ ਨਹੀਂ ਲਿਜਾਣਾ ਚਾਹੁੰਦਾ ਸੀ। ਜਿਸ ਕਰਕੇ ਦੋਵੇਂ ਅੱਡ ਹੋ ਗਏ ਪਰ ਮਸੀਹ ਲਈ ਕੰਮ ਕਰਦੇ ਰਹੇ (ਕਰਤੱਬ 15:36–41)।

**ਰਸੂਲਾਂ ਦੀ ਅਤੇ ਯਿਸੂ ਦੀ ਗਵਾਹੀ** (2:7, 8)

ਰਸੂਲਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਉਨ੍ਹਾਂ ਨੂੰ ਖੁਸ਼ਖ਼ਬਰੀ ਦੇ ਮੁੱਖ ਗਵਾਹ ਹੋਣ ਦੀ ਨਿਰਾਲੀ ਭੂਮਿਕਾ ਵਿਚ ਸੇਵਾ ਕਰਨ ਲਈ ਖ਼ੁਦਾ ਵੱਲੋਂ ਚੁਣਿਆ ਗਿਆ ਸੀ (ਵੇਖੋ ਲੂਕਾ 24:44–49)। ਯਿਸੂ ਨੇ ਉਨ੍ਹਾਂ ਨੂੰ ਆਤਮਾ ਦੇ ਆਉਣ ਬਾਰੇ ਸਾਫ਼ ਸਾਫ਼ ਦੱਸ ਦਿੱਤਾ ਕਿ ''ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' (ਯੂਹੰਨਾ 16:13)। ''ਉੱਪਰੋ ਸ਼ਕਤੀ'' (ਲੂਕਾ 24:49; ਵੇਖੋ ਕਰਤੱਬ 1:1–5) ਦੇ ਵਾਅਦੇ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ (ਕਰਤੱਬ 2:1–13) ਦੇ ਆਉਣ ਨਾਲ ਇਕ ਜ਼ਬਰਦਸਤ ਬਦਲਾਅ ਆਇਆ। ਹੁਣ ਉਹ ਸ਼ੱਕ ਅਤੇ ਸੰਦੇਹ ਵਿਚ ਰਹਿਣ ਵਾਲੇ ਦੁਬਕੇ ਲੋਕ ਨਹੀਂ ਸਨ ਬਲਕਿ ਬੇਖੌਫ਼ ਹੋ ਕੇ ਉਨ੍ਹਾਂ ਨੇ ਯਹੂਦੀ ਭੀੜ ਦਾ ਸਾਹਮਣਾ ਕੀਤਾ। ਰਸੂਲਾਂ ਨੇ ਉਨ੍ਹਾਂ ਨੂੰ ਯਿਸੂ ਭਾਵ ਉਸ ਮਸੀਹਾ ਦੀ ਜਿਹਦੀ ਉਡੀਕ ਚਿਰਾ ਤੋਂ ਹੋ ਰਹੀ ਸੀ, ਨੂੰ ਸਲੀਬ ਉੱਤੇ ਚਾੜ੍ਹੇ ਜਾਣ ਦਾ ਇਲਜ਼ਾਮ ਲਾਇਆ ਅਤੇ ਤੋਬਾ ਅਤੇ ਪਾਪਾ ਦੀ ਮਾਫ਼ੀ ਅਤੇ ਪਵਿੱਤਰ ਆਤਮਾ ਦੇ ਦਾਨ ਦੀ ਕਹਾਣੀ ਦੱਸੀ (ਕਰਤੱਬ 2:14–40)। ਅਜਿਹੀ ਸਮਰੱਥਾ ਜਿਹੜੀ ਸਿਰਫ਼ ਸ਼ਬਦਾਂ ਦੀ ਹੀ ਨਹੀਂ ਹੈ ਬਲਕਿ ਚਮਤਕਾਰੀ ਨਿਸ਼ਾਨਾਂ ਅਤੇ ਅਚੰਭਿਆ ਦੀ ਵੀ ਹੈ, ਐਨੀ ਸਪੱਸ਼ਟ ਸੀ ਕਿ ਪੈਂਟੀਕਾਸਟ ਵਾਲੇ ਦਿਨ ਖ਼ੁਦਾ ਦੀ ਕਲੀਸੀਆ ਦੇ ਇਨ੍ਹਾਂ ਦੀਨ ਹੀਣ ਜਿਹੇ ਗਲੀਲੀਆਂ ਦੇ ਰਾਹੀਂ ਸ਼ੁਰੂ ਕੀਤੀ ਗਈ ਜਿਸ ਦੇ ਅਧਿਕਾਰਿਕ ਤੌਰ ਤੇ ਮੈਂਬਰਾਂ ਦੀ ਗਿਣਤੀ ਤਿੰਨ ਹਜ਼ਾਰ ਰੂਹਾਂ ਦੇ ਕਰੀਬ ਹੋ ਗਈ (ਕਰਤੱਬ 2:41–47)।

ਉਨ੍ਹਾਂ ਨੇ ਇਸ ਮੁਕਤੀ ਦੀ ਗਵਾਹੀ ਨੂੰ ਦੇਣਾ ਜਾਰੀ ਰੱਖਿਆ, ਰਸੂਲਾਂ ਨੇ ਇਸ ਕੰਮ ਦੇ ਵੱਡੇ ਸਨਮਾਨ ਉੱਤੇ ਜ਼ੋਰ ਦਿੱਤਾ ਜਿਹੜਾ ਉਨ੍ਹਾਂ ਨੂੰ ਦਿੱਤਾ ਗਿਆ ਸੀ। ਪਤਰਸ ਨੇ ਯਹੂਦੀ ਮਹਾਸਭਾ ਉੱਤੇ ਇਹ ਆਖਦਿਆਂ ਇਲਜ਼ਾਮ ਲਾਇਆ:

> ਸਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ ਨੇ ਯਿਸੂ ਨੂੰ ਜਿਵਾਲਿਆ ਜਿਹ ਨੂੰ ਤੁਸਾਂ ਕਾਠ ਉੱਤੇ ਲਮਕਾ ਕੇ ਮਾਰ ਸੁੱਟਿਆ। ਉਸੇ ਨੂੰ ਪਰਮੇਸ਼ੁਰ ਨੇ ਆਪਣੇ ਸੱਜੇ ਹੱਥ ਨਾਲ ਅੱਤ ਉੱਚਾ ਕਰ ਕੇ ਹਾਕਮ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ਉਹ ਇਸਰਾਏਲ ਨੂੰ ਤੌਬਾ ਅਤੇ ਪਾਪਾਂ ਦੀ ਮਾਫ਼ੀ ਬਖ਼ਸ਼ੇ। ਅਸੀਂ ਇਨ੍ਹਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤਰ ਆਤਮਾ ਵੀ ਜੋ ਪਰਮੇਸ਼ੁਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖ਼ਸ਼ਿਆ (ਕਰਤੱਬ 5:30–32)।

ਕੁਰਨੇਲਿਉਸ ਦੇ ਘਰ ਵਿਚ ਯਿਸੂ ਪਤਰਸ ਨੇ ਯਿਸੂ ਦੀ ਸੇਵਕਾਈ ਨੂੰ ਸੰਖੇਪ ਵਿਚ ਦੁਹਰਾਇਆ:

> ਅਸੀਂ ਉਨ੍ਹਾਂ ਸਭਨਾਂ ਕੰਮਾਂ ਦੇ ਗਵਾਹ ਹਾਂ ਜਿਹੜੇ ਉਹ ਨੇ ਯਹੂਦੀਆਂ ਦੇ ਦੇਸ ਅਤੇ ਯਰੂਸ਼ਲਮ ਵਿਚ ਕੀਤੇ ਅਤੇ ਉਨ੍ਹਾਂ ਨੇ ਉਹ ਨੂੰ ਰੁੱਖ ਉੱਤੇ ਲਮਕਾ ਕੇ ਮਾਰ ਸੁੱਟਿਆ। ਉਹ ਨੂੰ ਪਰਮੇਸ਼ੁਰ ਨੇ ਤੀਜੇ ਦਿਨ ਜਿਵਾਲਿਆ ਅਤੇ ਉਹ ਨੂੰ ਪਰਗਟ ਹੋਣ ਦਿੱਤਾ। ਸਭਨਾਂ ਲੋਕਾਂ ਉੱਤੇ ਨਹੀਂ ਪਰ ਉਨ੍ਹਾਂ ਗਵਾਹਾਂ ਉੱਤੇ ਜਿਹੜੇ ਅੱਗਿਓਂ ਹੀ ਪਰਮੇਸ਼ੁਰ ਦੇ ਚੁਣੇ ਹੋਏ ਸਨ ਅਰਥਾਤ ਸਾਡੇ ਉੱਤੇ ਜਿਨ੍ਹਾਂ ਉਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਪਿੱਛੋਂ ਉਹ ਦੇ ਨਾਲ ਖਾਧਾ ਪੀਤਾ। ਅਤੇ ਉਹ ਨੇ ਸਾਨੂੰ ਆਗਿਆ ਦਿੱਤੀ ਕਿ ਲੋਕਾਂ ਦੇ ਅੱਗੇ ਪ੍ਰਚਾਰ ਕਰੋ ਅਤੇ ਸਾਖੀ ਦਿਓ ਜੋ ਇਹ ਉਹੋ ਹੈ ਜਿਹੜਾ ਪਰਮੇਸ਼ੁਰ ਦੀ ਵੱਲੋਂ ਠਹਿਰਾਇਆ ਹੋਇਆ ਹੈ ਕਿ ਜੀਉਂਦਿਆਂ ਅਤੇ ਮੋਇਆ ਦਾ ਨਿਆਉਂ ਕਰਨ ਵਾਲਾ ਹੋਵੇ (ਕਰਤੱਬ 10:39–42)।

ਪਿਸੀਦਿਆ ਦੇ ਅੰਤਾਕੀਆ ਵਿਚ ਪੌਲੁਸ ਦੀ ਗਵਾਹੀ ਬੜੀ ਦਿਲੇਰੀ ਨਾਲ ਦਿੱਤੀ ਗਈ (ਕਰਤੱਬ 13:29–32)।

ਪਤਰਸ ਦੇ ਪਹਿਲੇ ਖ਼ਤ ਦੀ ਇਕ ਝਲਕ ਗਵਾਹ ਦੇ ਰੂਪ ਵਿਚ ਉਸ ਦੀ ਭੂਮਿਕਾ ਨੂੰ ਵਿਖਾਉਂਦੀ ਹੈ: ‘‘ਜਿਹੜੇ ਬਜ਼ੁਰਗ ਤੁਹਾਡੇ ਵਿਚ ਹਨ ਮੈਂ ਜੋ ਉਨ੍ਹਾਂ ਦੇ ਨਾਲ ਦਾ ਬਜ਼ੁਰਗ ਅਤੇ ਮਸੀਹ ਦੇ ਦੁਖਾਂ ਦਾ ਗਵਾਹ ਨਾਲੇ ਓਸ ਤੇਜ ਵਿਚ ਜੋ ਪਰਕਾਸ਼ ਹੋਣ ਵਾਲਾ ਹੈ ਸਾਂਝੀ ਹਾਂ ਓਹਨਾਂ ਅੱਗੇ ਇਹ ਬੇਨਤੀ ਕਰਦਾ ਹਾਂ’’ (1 ਪਤਰਸ 5:1)। ਆਪਣੀ ਦੂਜੀ ਪੱਤਰੀ ਵਿਚ ਪਤਰਸ ਨੇ ਵਿਸਤਾਰ ਨਾਲ ਆਪਣੀ ਗਵਾਹੀ ਦਿੱਤੀ:

> ਕਿਉਂ ਜੋ ਅਸਾਂ ਤੁਹਾਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੀ ਸਮਰੱਥਾ ਅਤੇ ਆਉਣ ਤੋਂ ਮਹਿਰਮ ਜੋ ਕੀਤਾ ਤਾਂ ਚਤਰਾਈ ਦੀਆਂ ਬਣਾਉਟੀ ਕਹਾਣੀਆਂ ਦੇ ਮਗਰ ਲੱਗ ਕੇ ਨਹੀਂ ਸਗੋਂ ਉਹ ਦੀ ਮਹਾਨਤਾ ਨੂੰ ਆਪਣੀ ਅੱਖੀਂ ਵੇਖ ਕੇ ਕੀਤਾ। ਕਿਉਂ ਜੋ ਉਹ ਨੂੰ ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਵਡਿਆਈ ਮਿਲੀ ਸੀ ਜਿਸ ਵੇਲੇ ਓਸ ਡਾਢੇ ਭੜਕ ਵਾਲੇ ਤੇਜ ਤੋਂ ਉਹ ਨੂੰ ਇਹ ਸ਼ਬਦ ਆਇਆ ਭਈ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ। ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿੱਤਰ ਪਹਾੜ ਉੱਤੇ ਉਹ ਦੇ ਨਾਲ ਸਾਂ ਤਾਂ ਅਕਾਸ਼ੋਂ ਆਉਂਦਾ ਸੁਣਿਆ। ਅਤੇ ਅਗੰਮ ਵਾਕ ਦਾ ਵਚਨ ਸਾਡੇ ਕੋਲ ਹੋਰ ਵੀ ਪੱਕਾ ਕੀਤਾ ਹੋਇਆ ਹੈ ਅਤੇ ਤੁਸੀਂ ਚੰਗਾ ਕਰਦੇ ਹੋ ਜੋ ਓਸ ਵੱਲ ਧਿਆਨ ਲਾਉਂਦੇ ਹੋ ਜਿਵੇਂ ਇਕ ਦੀਵੇ ਵੱਲ ਜੋ ਅਨ੍ਹੇਰੇ ਥਾਂ ਵਿਚ ਚਮਕਦਾ ਹੈ ਜਿੰਨਾ ਚਿਰ ਪੋਹ ਨਾ ਫੁੱਟੇ ਅਤੇ ਦਿਨ ਦਾ ਤਾਰਾ ਤੁਹਾਡਿਆਂ ਹਿਰਦਿਆਂ ਵਿਚ ਨਾ ਚੜ੍ਹ ਆਵੇ (2 ਪਤਰਸ 1:16–19)।

ਪਤਰਸ ਨੇ ਉਸ ਦਿੱਤੇ ਗਏ ਸੰਦੇਸ਼ ਨੂੰ ਯਾਦ ਦੁਆਉਂਦਿਆਂ ਆਪਣੇ ਖ਼ਤਾਂ ਨੂੰ ਬੰਦ ਕੀਤਾ:

> ਹੇ ਪਿਆਰਿਓ, ਹੁਣ ਇਹ ਦੂਜੀ ਪੱਤਰੀ ਮੈਂ ਤੁਹਾਨੂੰ ਲਿਖਦਾ ਹਾਂ ਅਤੇ ਦੋਹਾਂ ਵਿਚ ਤੁਹਾਨੂੰ ਚੇਤੇ ਕਰਾ ਕੇ ਤੁਹਾਡੇ ਸਾਫ਼ ਚਿੱਤਾਂ ਨੂੰ ਪਰੇਰਦਾ ਹਾਂ। ਭਈ ਤੁਸੀਂ ਉਨ੍ਹਾਂ ਗੱਲਾਂ ਨੂੰ ਜਿਹੜੀਆਂ ਪਵਿੱਤਰ ਨਬੀਆਂ ਤੋਂ ਅੱਗੋਂ ਆਖੀਆਂ ਗਈਆਂ ਨਾਲੇ ਪ੍ਰਭੂ ਅਤੇ ਮੁਕਤੀ ਦਾਤੇ ਦੀ ਆਗਿਆ ਨੂੰ ਜਿਹੜੀ ਤੁਹਾਡੇ ਰਸੂਲਾਂ ਦੇ ਰਾਹੀਂ ਕੀਤੀ ਗਈ ਚੇਤੇ ਰੱਖੋ (2 ਪਤਰਸ 3:1, 2)।

ਇਹ ਕੁਝ ਹਵਾਲੇ ਯਕੀਨੀ ਤੌਰ ਤੇ ਪੂਰੀ ਫਹਰਿਸਤ ਨਹੀਂ ਹਨ। ਇਸ ਦੇ ਉਲਟ, ਇਹ ਗਵਾਹੀ ਨਾਲ ਜੁੜੇ ਅਜਿਹੇ ਸ਼ਬਦਾਂ ਦੀ ਬੜੀ ਹੀ ਸੀਮਤ ਚੋਣ ਨੂੰ ਦਰਸਾਉਂਦੇ ਸਨ ਜਿਹੜੀ ਖਾਸ ਤੌਰ ਤੇ ਸਿਰਫ਼ ਇੱਕੋ ਰਸੂਲ ਤੋਂ ਮਿਲੀ ਹੈ। ‘‘ਗਵਾਹ’’ ਅਤੇ ‘‘ਗਵਾਹੀ’’ ਵਰਗੇ ਸ਼ਬਦ ਅਦਾਲਤੀ ਭਾਸ਼ਾ ਦੇ ਹਨ ਜਿੱਥੇ ਮੁਕੱਦਮੇ ਹੁੰਦੇ ਅਤੇ ਗਵਾਹਾਂ ਨੂੰ ਸਬੂਤ ਦੇਣ ਲਈ ਸੱਦਿਆ ਜਾਂਦਾ ਹੈ ਤਾਂ ਜੋ ਫੈਸਲਾ ਦਿੱਤਾ ਜਾ ਸਕੇ ਅਤੇ ਨਿਆਂ ਕੀਤਾ ਜਾ ਸਕੇ। ਸਾਡਾ ਖ਼ੁਦਾ ਕਾਨੂੰਨ ਦੇਣ ਵਾਲਾ ਖ਼ੁਦਾ ਹੈ। ਧਰਮੀ ਠਹਿਰਾਏ ਜਾਣ ਦਾ ਸਾਡਾ ਸਿਸਟਮ ਭਾਵੇਂ ਨਿਹਚਾ (ਯਕੀਨ ਜਾਂ ਭਰੋਸਾ) ਦੇ ਰਾਹੀਂ ਕਿਰਪਾ ਉੱਤੇ ਅਧਾਰਿਤ ਹੈ, ਜਿਵੇਂ ਪੌਲੁਸ ਨੇ ਇਸ ਦੀ ਤਸਦੀਕ ਕੀਤੀ ਹੈ, ‘‘ਅਸਾਂ ਸਭਨਾਂ ਨੇ ਮਸੀਹ ਨੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ’’ (2 ਕੁਰਿੰਥੀਆਂ 5:10)।[41] ਬੇਸ਼ੱਕ ਇਹ ਵਿਰੋਧਾਭਾਸੀ ਲਗ ਸਕਦਾ ਹੈ ਪਰ ਇਹ ਨਵੇਂ ਨੇਮ ਦੀ ਇਕ ਸਾਰ ਸਿੱਖਿਆ ਹੈ ਕਿ ਸਾਨੂੰ ਧਰਮੀ ਭਾਵੇਂ ਨਿਹਚਾ ਨਾਲ ਠਹਿਰਾਇਆ ਹੈ ਪਰ ਨਿਆਂ ਸਾਡੇ ਅਮਲਾਂ ਦੇ ਮੁਤਾਬਿਕ ਹੀ ਹੋਵੇਗਾ।[42]

ਕਈ ਹਵਾਲਿਆਂ ਵਿਚ (ਪ੍ਰਕਾਸ਼ ਦੀ ਪੋਥੀ 1:2, 9; 12:17; 19:10) ਸਾਨੂੰ ‘‘ਯਿਸੂ ਦੀ ਗਵਾਹੀ’’ ਦੇ ਹਵਾਲੇ ਮਿਲਦੇ ਹਨ, ਜਿਸ ਤੋਂ ਭਾਵ ਯਿਸੂ ‘‘ਨਾਲ ਸਬੰਧਿਤ’’ ਜਾਂ ‘‘ਦਾ’’ ਸੰਦੇਸ਼ ਹੈ (ਕਰਮਕਾਰਕ)। ਇਹ ‘‘ਗਵਾਹੀ’’ ਇੰਜੀਲ ਲਈ ਇਕ ਹੋਰ ਸ਼ਬਦ ਹੈ (ਵੇਖੋ 2 ਤਿਮੋਥਿਉਸ 1:8–10; ਪ੍ਰਕਾਸ਼ ਦੀ ਪੋਥੀ 6:9)। ਯਿਸੂ ਨੇ ਆਪ ‘‘ਪੁੰਤਿਯੁਸ ਪਿਲਾਤੁਸ ਦੇ ਸਾਹਮਣੇ ਪੱਕਾ

ਇਕਰਾਰ ਕੀਤਾ ਸੀ ਗਵਾਹ ਕਰਕੇ ਤੈਨੂੰ ਤਗੀਦ ਕਰਦਾ ਹਾਂ'' (1 ਤਿਮੋਥਿਉਸ 6: 13)। ਇਕ ਪਾਸੇ ਹੋ ਸਕਦਾ ਹੈ ਕਿ ਕੁਝ ਆਇਤਾਂ ''ਯਿਸੂ ਦੀ ਗਵਾਹੀ'' ਨੂੰ ਉਹਦੇ ਵੱਲੋਂ ਕਿਸੇ ਸਮੇਂ ਵਿਚ ਕਹੀਆਂ ਗਈਆਂ ਗੱਲਾਂ ਹੋਣ,[43] ਲਿਖਤ ਵਿਚ ਫਿਰ ਵੀ ਸਾਨੂੰ ਉਹੀ ਤੱਥ ਮਿਲਦਾ ਹੈ ਕਿ ਯਿਸੂ ਹੀ ਮਸੀਹ, ਮਸੀਹਾ, ਯਹੂਦੀਆਂ ਦਾ ਰਾਜਾ ਹੈ ਜਿਸ ਨੇ ਸੰਸਾਰ ਦੀ ਮੁਕਤੀ ਲਈ ਨਿਸਤਾਰੇ ਦਾ ਮੁੱਲ ਭਰਨ ਲਈ ਆਪਣੀ ਜਾਨ ਦੇ ਦਿੱਤੀ।

### ''ਮਸੀਹ ਦਾ ਭੇਤ'' (2: 11-21)

ਉਸ ਸ਼ਾਂਤੀ ਦੇ ਸਭ ਤੋਂ ਅਹਿਮ ਪਹਿਲੂਆਂ ਵਿੱਚੋਂ ਇਕ ਜਿਹੜੀ ਮਸੀਹ ਦੇ ਰਾਹੀਂ ਖ਼ੁਦਾ ਨੇ ਸੰਸਾਰ ਵਿਚ ਲਿਆਂਦੀ, ਪਹਿਲਾਂ ਲੁਕਿਆ ਹੋਇਆ ਤੱਥ ਇਹ ਹੈ ਕਿ ਉਸ ਦੇ ਚੁਣੇ ਹੋਏ ਲੋਕਾਂ ਭਾਵ ਇਸਰਾਏਲੀਆਂ ਤੋਂ ਹੋਰਨਾਂ ਸਭ ਕੌਮਾਂ ਦੀ ਪੁਰਾਣੀ ਜੁਦਾਈ ਹੁਣ ਮਸੀਹ ਵਿਚ ਵਟਾ ਦਿੱਤੀ ਗਈ ਹੈ। ਪੌਲੁਸ ਨੇ ਯਹੂਦੀ ਅਤੇ ਗੈਰਕੌਮ ਵਿਕਾਰ ਇਸ ਬਿਲਕੁਲ ਨਵੀਂ ਸਥਿਤੀ ਨੂੰ ''ਮਸੀਹ ਦਾ ਭੇਤ'' ਨਾਮ ਦਿੱਤਾ। ਨਵੇਂ ਨੇਮ ਹੋਰ ਬਹੁਤ ਸਾਰੇ ''ਭੇਤ'' ਮਿਲਦੇ ਹਨ,[44] ਪਰ ਇਹ ਭੇਤ ਐਨਾਂ ਮਹੱਤਵਪੂਰਣ ਹੈ ਕਿ ਪੌਲੁਸ ਨੇ ਇਸ ਨੂੰ ਕਾਫ਼ੀ ਥਾਂ ਦਿੱਤੀ, ਖ਼ਾਸਕਰ ਅਫ਼ਸੀਆਂ ਦੇ ਨਾਂਅ ਆਪਣੇ ਖ਼ਤ ਵਿਚ:

> ਜਿਸ ਤੋਂ ਤੁਸੀਂ ਪੜ੍ਹ ਕੇ ਜਾਣ ਸੱਕਦੇ ਹੋ ਜੋ ਮਸੀਹ ਦੇ ਭੇਤ ਵਿਚ ਮੇਰੀ ਸਮਝ ਕਿੰਨੀ ਹੈ। ਉਹ ਹੋਰਨਾਂ ਸਮਿਆਂ ਵਿਚ ਇਨਸਾਨਾਂ ਉੱਤੇ ਉਸ ਪਰਕਾਰ ਨਹੀਂ ਖੋਲ੍ਹਿਆ ਗਿਆ ਜਿਸ ਪਰਕਾਰ ਹੁਣ ਉਹ ਦੇ ਪਵਿੱਤਰ ਰਸੂਲਾਂ ਅਤੇ ਨਬੀਆਂ ਉੱਤੇ ਆਤਮਾ ਨਾਲ ਪਰਕਾਸ਼ ਕੀਤਾ ਗਿਆ ਹੈ। ਅਰਥਾਤ ਏਹ ਕਿ ਮਸੀਹ ਵਿਚ ਖੁਸ਼ ਖਬਰੀ ਦੇ ਦੁਆਰਾ ਪਰਾਈਆਂ ਕੌਮਾਂ ਦੇ ਲੋਕ ਸੰਗੀ ਅਧਕਾਰੀ ਅਤੇ ਇੱਕੋ ਦੇਹੀ ਦੇ ਅਤੇ ਵਾਇਦੇ ਦੇ ਸਾਂਝੀ ਹਨ। ਅਤੇ ਪਰਮੇਸ਼ੁਰ ਦੀ ਕਿਰਪਾ ਜੋ ਉਹ ਦੀ ਸਮਰੱਥਾ ਦੇ ਕਰਨ ਮੂਜਬ ਮੇਰੇ ਉੱਤੇ ਹੋਈ ਉਹ ਦੇ ਦਾਨ ਅਨੁਸਾਰ ਮੈਂ ਉਸ ਖੁਸ਼ ਖਬਰੀ ਦਾ ਸੇਵਕ ਬਣਿਆ। ਮੇਰੇ ਉੱਤੇ ਜੋ ਸਾਰਿਆਂ ਸੰਤਾਂ ਵਿੱਚੋਂ ਛੋਟੇ ਤੋਂ ਛੋਟਾ ਹਾਂ ਇਹ ਕਿਰਪਾ ਹੋਈ ਭਈ ਮੈਂ ਪਰਾਈਆਂ ਕੌਮਾਂ ਨੂੰ ਮਸੀਹ ਦੇ ਅਣਲੱਭ ਧਨ ਦੀ ਖੁਸ਼ਖਬਰੀ ਸੁਣਾਵਾਂ। ਅਰ ਇਸ ਗੱਲ ਦਾ ਪਰਕਾਸ਼ ਕਰਾਂ ਕਿ ਉਸ ਭੇਤ ਦੀ ਕੀ ਜੁਗਤੀ ਹੈ ਜਿਹੜਾ ਆਦ ਤੋਂ ਪਰਮੇਸ਼ੁਰ ਵਿਚ ਗੁਪਤ ਰਿਹਾ ਹੈ, ਜਿਹ ਨੇ ਸਭ ਵਸਤਾਂ ਉਤਪਤ ਕੀਤੀਆਂ। ਭਈ ਹੁਣ ਕਲੀਸੀਆ ਦੇ ਰਾਹੀਂ ਸੁਰਗੀ ਥਾਵਾਂ ਵਿਚ ਹਕੂਮਤਾਂ ਅਤੇ ਇਖ਼ਤਿਆਰਾਂ ਉੱਤੇ ਪਰਮੇਸ਼ੁਰ ਦਾ ਨਾਨਾ ਪਰਕਾਰ ਦਾ ਗਿਆਨ ਪਰਗਟ ਕੀਤਾ ਜਾਵੇ। ਉਸ ਸਦੀਪਕ ਮਨਸ਼ਾ ਦੇ ਅਨੁਸਾਰ ਜਿਹੜੀ ਉਹ ਨੇ ਮਸੀਹ ਯਿਸੂ ਸਾਡੇ ਪ੍ਰਭੂ ਵਿਚ ਧਾਰੀ (ਅਫ਼ਸੀਆਂ 3: 4–11)।

ਇਸ ਹਵਾਲੇ ਵਿਚ ਮੁੱਖ ਵਿਚਾਰ ਇਹ ਹੈ ਕਿ 1,500 ਸਾਲਾਂ ਦੌਰਾਨ ਜਦ ਖ਼ੁਦਾ ਸੀਨੈ ਪਹਾੜ ਤੋਂ ਨੇਮ ਦੇ ਤਹਿਤ ਇਸਰਾਏਲੀਆਂ ਨਾਲ ਵਿਹਾਰ ਕਰ ਰਿਹਾ ਸੀ, ਜਿਵੇਂ ਉਨ੍ਹਾਂ ਨੂੰ ਲਗਦਾ ਸੀ, ਅਸਲ ਵਿਚ ਉਸ ਦਾ ਪੂਰਾ ਫੋਕਸ ਉਹ ਲੋਕ ਨਹੀਂ ਸਨ। ਉਹ ਤਾਂ ਉਦਾਹਰਣ ਵਰਗੇ ਸਨ ਜਿਹੜੇ ਉਸ ''ਭੇਤ'' ਦਾ ਹਿੱਸਾ ਸਨ ਜਿਹੜਾ ਖ਼ੁਦਾ ਦੇ ਮਨ ਵਿਚ ਸਮੇਂ ਦੇ ਆਰੰਭ ਤੋਂ ਸੀ। ਅਫ਼ਸੀਆਂ 3 ਦੇ ਸੰਦਰਭ ਵਿਚ ਉਹ ਸਚਿਆਈ ਜਿਹੜੇ ਕਿਸੇ ਵਕਤ ਲੁਕੀ ਹੋਈ ਸੀ ਇਹ ਹੈ ਕਿ ਮਸੀਹ ਨੇ ਗੁਆਚੇ ਹੋਏ ਪੂਰੇ ਸੰਸਾਰ ਭਾਵ ਸਾਰੀਆਂ ਕੌਮਾਂ (*ta ethnē,* ਟਾ ਏਥਨੇ, ''ਗੈਰਕੌਮਾਂ'') ਦਾ ਮੁਕਤੀਦਾਤਾ ਬਣਨਾ ਸੀ। ਇਸਰਾਏਲੀਆਂ ਵਿਚ ਪਾਏ ਜਾਣ ਵਾਲੇ ਵਿਸ਼ਵਾਸ ਦੇ ਬਿਲਕੁਲ ਉਲਟ ਖ਼ੁਦਾ ਨੇ ਉਨ੍ਹਾਂ ਨਾਲ ਹੀ ਪਿਆਰ ਨਹੀਂ ਕੀਤਾ। ਉਸ ਨੇ ਆਪਣੀ ਮੰਸ਼ਾ ਲਈ ਉਨ੍ਹਾਂ ਨੂੰ ਚੁਣਿਆ ਜ਼ਰੂਰ ਪਰ ਜਿਵੇਂ ਕਿ ਯਿਸੂ ਦੇ ਰਾਹੀਂ ਪਰਗਟ ਕੀਤਾ ਗਿਆ, ਉਸ ਦਾ ਪਿਆਰ ''ਸਾਰੇ ਜਗਤ'' ਲਈ ਸੀ (ਯੂਹੰਨਾ 3: 16)।

ਖ਼ੁਦਾ ਨਾਲ ਨੇਮ ਦੇ ਇਸਰਾਏਲੀਆਂ ਦੇ ਖ਼ਾਸ ਸਬੰਧ ਦੇ ਸਮੇਂ ਦੌਰਾਨ (ਕੂਚ 19: 1–6) ਉਨ੍ਹਾਂ ਲਈ ਗੈਰਕੌਮਾਂ ਨਾਲ ਹਰ ਤਰ੍ਹਾਂ ਦੇ ਸਬੰਧਾਂ ਤੋਂ ਆਪਣੇ ਆਪ ਨੂੰ ਦੂਰ ਰੱਖਣਾ ਜ਼ਰੂਰੀ ਸੀ। ਉਨ੍ਹਾਂ ਨੂੰ

ਖ਼ੁਦਾ ਦੀ ਖ਼ਾਸ ਪਰਜਾ, ਪਵਿੱਤਰ ਕੌਮ ਦੇ ਰੂਪ ਵਿਚ ਉਹਦੇ ਲਈ ਅੱਡ ਹੋਣ ਲਈ ਖ਼ਾਸ ਲੋਕ ਅਤੇ ''ਕੌਮਾਂ ਲਈ ਜੋਤ'' ਬਣਨ ਲਈ ਸੱਦਿਆ ਗਿਆ ਸੀ (ਯਸਾਯਾਹ 42:6)। ਹੋਰਨਾਂ ਲੋਕਾਂ ਨਾਲੋਂ ਉਨ੍ਹਾਂ ਨੂੰ ਅਲਹਿਦਾ ਬਣਾਉਣ ਵਾਸਤੇ ਜੋ ਕੁਝ ਖ਼ੁਦਾ ਨੇ ਜੋ ਕੁਝ ਇਸਰਾਏਲੀਆਂ ਨੂੰ ਦਿੱਤਾ ਉਹ ਸ਼ਰ੍ਹਾ ਸੀ ਜਿੱਥੇ ਉਨ੍ਹਾਂ ਨੂੰ ਆਪਣੇ ਆਪ ਅੱਡ ਰਹਿਣ ਦਾ ਹੁਕਮ ਦਿੱਤਾ ਸੀ। ਆਪਣੇ ਸੁਭਾਅ ਤੋਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਬਰਕਤਾਂ ਮਿਲੀਆਂ ਸਨ (ਵੇਖੋ ਰੋਮੀਆਂ 3: 1, 2), ਪਰ ਯਹੂਦੀਆਂ ਅਤੇ ਗੈਰਕੌਮਾਂ ਵਿਚਕਾਰ ਦੁਸ਼ਮਣੀ ਦਾ ਕਾਰਣ ਸੀ। ਜਦ ਪੌਲੁਸ ਨੇ ਰਸੂਲਾਂ ਅਤੇ ਹੋਰਨਾਂ ਰਸੂਲਾਂ ਨੇ ਇਹ ਪ੍ਰਚਾਰ ਕੀਤਾ ਕਿ ਖੁਸ਼ਖ਼ਬਰੀ ਸਭ ਕੌਮਾਂ ਲਈ ਹੈ, ਤਾਂ ਯਹੂਦੀਆਂ ਨੇ ਕ੍ਰੋਧ ਨਾਲ ਪ੍ਰਤੀਕ੍ਰਿਆ ਦਿੱਤੀ, ਇੱਥੋਂ ਤਕ ਕਿ ਕਤਲ ਕਰਨ ਲਈ ਵੀ ਰਾਜ਼ੀ ਹੋ ਗਏ (ਕਰਤੱਬ 22:20–23)। ਉਹ ਆਪਣੀ ਨਫ਼ਰਤ ਵਿਚ ਐਨੇ ਕੁ ਅੰਨ੍ਹੇ ਸਨ ਕਿ ਉਨ੍ਹਾਂ ਨੂੰ ਸਾਰੀ ਮਨੁੱਖ ਜਾਤੀ ਲਈ ਖ਼ੁਦਾ ਦੇ ਪਿਆਰ ਦੀ ਸਮਝ ਨਹੀਂ ਆਈ (ਵੇਖੋ ਯਸਾਯਾਹ 6:8–10; ਮੱਤੀ 13:13–15)। ਇਹ ਉਹ ਰੁਕਾਵਟ ਸੀ ਜਿਹੜੀ ਸ਼ਰ੍ਹਾ ਦੇ ਕਾਰਣ, ਜਿਵੇਂ ਕਿ ਪੌਲੁਸ ਨੇ ਕਿਹਾ ''ਜੁਦਾਈ ਦੀ ਕੰਧ'' ਜਿਹੜੀ ਯਹੂਦੀਆਂ ਅਤੇ ਗੈਰਕੌਮਾਂ ਵਿਚਕਾਰ ਸੀ ਅਤੇ ਇਸ ਨੂੰ ਯਿਸੂ ਨੇ ਢਾਹ ਦਿੱਤਾ (ਅਫ਼ਸੀਆਂ 2: 14–18)।

ਅਫਸ਼ੀਆਂ ਵਿਚ ਜਿਸ ਨੂੰ ''ਭੇਤ'' ਕਿਹਾ ਗਿਆ ਹੈ ਇਹੀ ਉਹ ''ਮੇਲ'' ਹੈ ਜਿਹੜਾ ''ਮਿਲਾਪ'' ਹੈ (*eirēnē,* ਈਰੇਨ) ਉਹ ਜਿਹੜਾ ''ਪਰਮੇਸ਼ੁਰ ਵਿਚ ਗੁਪਤ'' ਸੀ ਭਾਵ ''ਅਰਥਾਤ ਏਹ ਕਿ ਮਸੀਹ ਵਿਚ ਖੁਸ਼ ਖਬਰੀ ਦੇ ਦੁਆਰਾ ਪਰਾਈਆਂ ਕੌਮਾਂ ਦੇ ਲੋਕ ਸੰਗੀ ਅਧਕਾਰੀ ਅਤੇ ਇੱਕੋ ਦੇਹੀ ਦੇ ਅਤੇ ਵਾਇਦੇ ਦੇ ਸਾਂਝੀ ਹਨ'' (ਅਫ਼ਸੀਆਂ 3:6, 9)। ਸੰਦੇਸ਼ ਸਾਫ਼ ਹੈ ਕਿ ਮਸੀਹ ਯਿਸੂ ਵਿਚ ਚਮੜੀ ਦੇ ਰੰਗ, ਸਮਾਜਿਕ ਰੁਤਬੇ ਜਾਂ ਕਿਸੇ ਹੋਰ ਭਿੰਨਤਾ ਲਈ ਜਿਹੜੀ ਬਾਹਰੀ ਰੂਪ ਦੀ ਹੋਵੇ ਕੋਈ ਜਾਤੀ ਭੇਤ ਭਾਵ ਜਾਂ ਪੱਖਪਾਤ ਲਈ ਕੋਈ ਥਾਂ ਨਹੀਂ ਹੈ; ਕਿਉਂ ਜੋ ''ਪਰਮੇਸ਼ੁਰ ਕਿਸੇ ਦਾ ਪੱਖਪਾਤ ਨਹੀਂ ਕਰਦਾ'' (ਰੋਮੀਆਂ 2: 11; KJV)।[45] ਯੂਨਾਨੀ ਲਿਖਤ ਵਿਜ (*prosōpolēmpsia,* ਪ੍ਰੋਸੋਪੋਲੇਮਪਸਿਆ) ''ਚਿਹਰੇ ਜਾਂ ਆਦਮੀ ਨੂੰ ਕਬੂਲਣ ਜਾਂ *[ਸਵੀਕਾਰ]* ਕਰਨ ਵਾਲਾ ਵਿਅਕਤੀ'' ਭਾਵ ਸਮਾਜਿਕ ਰੁਤਬੇ, ਧਨ ਜਾਂ ਅਜਿਹੇ ਹੋਰ ਕਾਰਣਾ ਨਾਲ ਅਜਿਹੇ ਹਾਲਾਤ ਜਾਂ ਕੰਮ ਤੇ ਤਰਫ਼ਦਾਰੀ ਕਰਦਿਆਂ, ਬਾਹਰੀ ਰੂਪ ਵੇਖ ਕੇ ਚੱਲਣ ਵਾਲੇ ਵਿਅਕਤੀ ਦਾ ਸੰਦੇਸ਼ ਦਿੰਦਾ ਹੈ। ਜਦ ਪਹਿਲੇ ਗੈਰਕੌਮ ਵਿਸ਼ਵਾਸੀ ਕੁਰਨੇਲਿਉਸ ਦੇ ਘਰਾਣੇ ਕੋਲ ਜਾਣ ਲਈ ਦੱਸਿਆ ਗਿਆ ਤਾਂ ਪਤਰਸ ਨੂੰ ਸਮਝ ਵਿਚ ਆਇਆ ਕਿ ਨਸਲ ਦੇ ਅਧਾਰ ਤੇ ਪੱਖਪਾਤ ਦੀ ਵੀ ਮਨਾਹੀ ਸੀ। ਫਿਰ ਉਸ ਨੇ ਉਨ੍ਹਾਂ ਨਾਲ ਗੱਲ ਕਰਨੀ ਸ਼ੁਰੂ ਕੀਤੀ ਤਾਂ ਉਸ ਨੇ ਆਖਿਆ, ''ਮੈਂ ਸੱਚ ਸੱਚ ਜਾਣ ਲਿਆ ਜੋ ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ। ਸਗੋਂ ਹਰੇਕ ਕੌਮ ਵਿੱਚੋਂ ਜੋ ਕੋਈ ਉਸ ਤੋਂ ਡਰਦਾ ਅਤੇ ਧਰਮ ਦੇ ਕੰਮ ਕਰਦਾ ਹੈ ਸੋ ਉਹ ਨੂੰ ਭਾਉਂਦਾ ਹੈ'' (ਕਰਤੱਬ 10:34, 35)।

ਇਸ ਕਰਕੇ ਯਿਸੂ ਦੇ ਚੇਲਿਆਂ ਵਿੱਚੋਂ ਪਹਿਲਾ ਪਤਰਸ ਹੀ ਸੀ ਜਿਸ ਉੱਤੇ ਯਿਸੂ ਦੀ ਮੇਲ ਕਰਾਉਣ ਦੇ ਮਿਸ਼ਨ ਦੇ ਭਿੰਨ ਭੇਤ ਦਾ ਕਰਨ ਵਾਲਾ ਹੋਣ ਨੂੰ ਜ਼ਾਹਿਰ ਕੀਤਾ ਗਿਆ। ਜ਼ਾਹਿਰ ਹੈ ਕਿ ਉਸ ਨੂੰ ਆਪ ਵੀ ਪੂਰੀ ਸਮਝ ਨਹੀਂ ਸੀ ਜਿਸ ਦਾ ਉਸਨੇ ਪੈਂਟੀਕਾਸਟ ਵਾਲੇ ਦਿਨ ਐਲਾਨ ਕੀਤਾ'' (ਕਰਤੱਬ 2:39)। ਯਿਸੂ ਨੇ ਨਿੱਜੀ ਤੌਰ ਤੇ ਗੈਰਕੌਮਾਂ ਵੱਲੋਂ ਇਸ ਕਬੂਲੇ ਜਾਣ ਬਾਰੇ ਆਪਣੇ ਚੇਲਿਆਂ ਨਾਲ ਗੱਲਬਾਤ ਕੀਤੀ ਸੀ (ਮੱਤੀ 8:5–12; 28:18–20; ਯੂਹੰਨਾ 10:16); ਪਰ ਉਨ੍ਹਾਂ ਨੂੰ ਦਿੱਤੀ ਗਈ ਉਸ ਦੀ ਜ਼ਿਆਦਾਤਰ ਸਿੱਖਿਆ ਵਾਂਗ ਉਹ ਇਹ ਸਮਝ ਨਹੀਂ ਸਕੇ ਸਨ ਕਿ ਉਹ ਉਨ੍ਹਾਂ ਨੂੰ ਕੀ ਆਖ ਰਿਹਾ ਹੈ ਕਿਉਂ ਜੋ ਉਨ੍ਹਾਂ ਦੇ ਦਿਮਾਗ ਬੰਦ ਸਨ (ਮੱਤੀ 15:15, 16; ਮਰਕੁਸ 8:15–21; ਲੂਕਾ 18:34)।

ਯਹੂਦੀਆਂ ਦੇ ਹੱਕ ਵਿਚ ਅਤੇ ਗੈਰਕੌਮਾਂ ਦੇ ਖਿਲਾਫ਼ ਪੱਖਪਾਤ ਤੇ ਕਾਬੂ ਪਾਉਣਾ ਅਸਾਨ ਨਹੀਂ ਸੀ। ਉਨ੍ਹਾਂ ਲਈ ਵੀ ਜਿਹੜੇ ਰਹਿਨੁਮਾ ਸਨ। ਖ਼ੁਦਾ ਨੇ ਗੈਰਕੌਮਾਂ ਲਈ ਖ਼ੁਦਾ ਦੇ ਰਾਜ ਵਿਚ ਵੜਨ

ਦਾ ਦਾਅਵਾ ਕਰਨ ਲਈ ਭਾਵੇਂ ਪਤਰਸ ਨੂੰ ਵਰਤਿਆ, ਗਲਾਤੀਆਂ 2: 11–14 ਪਤਾ ਲਗਦਾ ਹੈ ਕਿ ਪਤਰਸ ਲਈ ਵੀ ਇਸ ਸਚਿਆਈ ਨੂੰ ਬੰਨ੍ਹ ਸਕਣਾ ਕਿੰਨਾਂ ਔਖਾ ਸੀ ਜਿਹੜੀ ਖ਼ੁਦਾ ਨੇ ਉਸ ਉੱਤੇ ਪਰਗਟ ਕੀਤੀ ਸੀ। ਗੈਰਕੌਮ ਦੇ ਸੰਸਾਰ ਵਿਚ ਫੈਲਣ ਦੀ ਬਰਨਬਾਸ ਦੀ ਅਹਿਮ ਭੂਮਿਕਾ ਸੀ, ਪਰ ਦਬਾਅ ਵਿਚ ਉਹ ਵੀ ਸਚਿਆਈ ਤੋਂ ਪਿੱਛੇ ਹਟ ਗਿਆ ਸੀ। ਪੌਲਸ ਦੀ ਝਿੜਕ ਨਾਲ ਬੇਸ਼ੱਕ ਇਨ੍ਹਾਂ ਨੂੰ ਸਮਝ ਆ ਗਈ ਸੀ ਅਤੇ ਉਨ੍ਹਾਂ ਨੇ ਗੈਰਕੌਮ ਭਾਈਆਂ ਨਾਲ ਸੰਗਤੀ ਕਰ ਲਈ ਸੀ।

**ਗੈਰਕੌਮਾਂ ਦੀ ਦੁਵਿਧਾ** (2: 11-21)

ਪੌਲੁਸ ਨੇ ਗਲਾਤੀਆਂ ਦੀ ਇਕ ਦੁਖਦ ਕਹਾਣੀ ਸੁਣਾਈ ਜਿਸ ਵਿਚ ਗੈਰਕੌਮਾਂ ਦੇ ਮਸੀਹੀਆਂ ਦੇ ਪ੍ਰਤੀ ਯਹੂਦੀ ਮਸੀਹੀਆਂ ਦੇ ਕਪਟ ਦਾ ਸਾਹਮਣਾ ਕਰਨਾ ਪਿਆ ਸੀ (2: 11–14)। ਅੰਤਾਕੀਆ ਦੀ ਕਲੀਸੀਆ ਵਿਚ ਜਾਣ ਤੇ ਪਤਰਸ ਕੁਝ ਦੇਰ ਤਕ ਗੈਰਕੌਮ ਮਸੀਹੀਆਂ ਨਾਲ ਸਮਾਜਿਕ ਸੰਗਤੀ ਕਰਦਾ ਰਿਹਾ ਸੀ। ਪਰ ਅੰਤਾਕੀਆ ਵਿਚ ''ਯਾਕੂਬ ਦੇ ਵੱਲੋਂ ਆਏ'' ਕੁਝ ਲੋਕਾਂ ਦੇ ਆਉਣ ਤੇ ਪਤਰਸ ਨੇ ਆਪਣੇ ਆਪ ਨੂੰ ਗੈਰਕੌਮਾਂ ਨਾਲੋਂ ਅੱਡ ਕਰ ਲਿਆ (2: 12)। ਹਾਲਾਤ ਦਾ ਸਾਹਮਣਾ ਕਰਦਿਆਂ ਪੌਲੁਸ ਨੇ ਪਤਰਸ ਨੂੰ ਸਭ ਦੇ ਸਾਹਮਣੇ ਸਖ਼ਤ ਝਾੜ ਪਾਈ।

ਇਹ ਇਕ ਤੱਥ ਹੈ ਕਿ ਇਹ ਲੋਕ ਯਰੂਸ਼ਲਮ ਤੋਂ ਆਏ ਸਨ, ਜਿੱਥੇ ਯਾਕੂਬ ਕਲੀਸੀਆ ਦੇ ਪ੍ਰਮੁੱਖ ਆਗੂ ਦੇ ਰੂਪ ਵਿਚ ਜਾਣਿਆ ਜਾਂਦਾ ਸੀ (2:9)। ਪਰ ਇਹ ਨਿਚੋੜ ਕੱਢਣ ਵਿਚ ਕਾਹਲੀ ਨਹੀਂ ਕਰਨੀ ਚਾਹੀਦੀ ਕਿ ਸਿਰਫ਼ ਇਸ ਕਰਕੇ ਕਿ ਯਾਕੂਬ ਦਾ ਨਾਮ ਉਨ੍ਹਾਂ ਨਾਲ ਜੁੜਿਆ ਹੋਇਆ ਸੀ ਉਹ ਕਿਸੇ ਵੀ ਤਰ੍ਹਾਂ ਨਾਲ ਅੰਤਾਕੀਆ ਵਿਚ ਆਉਣ ਵਾਲੇ ਸੰਕਟ ਦਾ ਜ਼ਿੰਮੇਵਾਰ ਸੀ। ਰਸੂਲਾਂ ਅਤੇ ਐਲਡਰਾਂ ਦੀ ਯਰੂਸ਼ਲਮ ਦੀ ਸਭਾ ਵਿਚ, ਯਾਕੂਬ ਪੌਲੁਸ ਅਤੇ ਬਰਨਬਾਸ ਦਾ ਮੁੱਖ ਹਮਾਇਤੀ ਸੀ। ਵਚਨ ਦੀ ਵਰਤੋਂ ਕਰਦਿਆਂ ਉਸ ਨੇ ਪਹਿਲੀ ਯਾਤਰਾ ਤੇ ਇਨ੍ਹਾਂ ਵੱਲੋਂ ਬਹੁਤ ਸਾਰੇ ਗੈਰਕੌਮਾਂ ਦੀਆਂ ਰੂਹਾਂ ਨੂੰ ਬਚਾਉਣ ਦੇ ਸਬੰਧ ਵਿਚ, ਇਨ੍ਹਾਂ ਦੇ ਕੰਮ ਦੀ ਹਿਮਾਇਤ ਕੀਤੀ ਸੀ ਅਤੇ ਉਸ ਨੂੰ ਸਲਾਹ ਵੀ ਦਿੱਤੀ ਸੀ ਕਿ ਕਲੀਸੀਆਵਾਂ ਵਿਚ ਗੈਰਕੌਮਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ (ਕਰਤੱਬ 15: 13–21)। ਜਦ ਰਸੂਲਾਂ ਨੇ ਅਤੇ ਐਲਡਰਾਂ ਨੇ ''ਅੰਤਾਕੀਆ ਅਤੇ ਸੂਰੀਆ ਅਤੇ ਕਿਲਿਕੀਆ'' ਦੇ ਗੈਰਕੌਮ ਭਾਈਆਂ ਨੂੰ ਲਿਖਿਆ ਤਾਂ ਉਨ੍ਹਾਂ ਨੇ ਇਹ ਸ਼ਬਦ ਜੋੜੇ: ''... ਜਾਂ ਅਸਾਂ ਸੁਣਿਆ ਜੋ ਕਈ ਸਾਡੇ ਵਿੱਚੋਂ ਨਿੱਕਲੇ ਜਿਨ੍ਹਾਂ ਤੁਹਾਡੇ ਮਨਾਂ ਨੂੰ ਵਿਗਾੜ ਕੇ ਤੁਹਾਨੂੰ ਗੱਲਾਂ ਨਾਲ ਘਬਰਾ ਦਿੱਤਾ ਪਰ ਅਸਾਂ ਉਨ੍ਹਾਂ ਨੂੰ ਕੋਈ ਹੁਕਮ ਨਹੀਂ ਦਿੱਤਾ'' (ਕਰਤੱਬ 15:23, 24)।

ਪੌਲੁਸ ਦੀ ਨਜ਼ਰ ਵਿਚ ਅੰਤਾਕੀਆ ਵਿਚ ਪਤਰਸ ਦਾ ਵਿਹਾਰ ਬਿਲਕੁਲ ਕਪਟ ਸੀ। ਆਖ਼ਰ ਪਤਰਸ ਹੀ ਸੀ ਜਿਸ ਨੇ ਇਲਹਾਮ ਦੇ ਰਾਹੀਂ ਖ਼ੁਦਾ ਦਾ ਵਾਅਦਾ ''ਉਨ੍ਹਾਂ ਸਭਨਾਂ ਨਾਲ ਜਿਹੜੇ ਦੂਰ ਹਨ'' ਹੋਣ ਦੀ ਗੱਲ ਕਹੀ ਸੀ (ਕਰਤੱਬ 2:39)। ਹੋਰ ਤਾਂ ਹੋਰ ਖ਼ੁਦਾ ਦੇ ਬਾਰ ਬਾਰ ਦਿਲੇਰੀ ਦੇਣ ਨਾਲ ਉਹੀ ਗੈਰਕੌਮਾਂ ਵਿਚ ਇੰਜੀਲ ਸੁਣਾਉਣ ਲਈ ਕੁਰਨੇਲਿਉਸ ਦੇ ਘਰ ਗਿਆ ਸੀ (ਕਰਤੱਬ 10) । ਕੁਰਨੇਲਿਉਸ ਅਤੇ ਉਸ ਦੇ ਘਰਾਣੇ ਦੇ ਬਪਤਿਸਮੇ ਦੇ ਬਾਅਦ ਯਰੂਸ਼ਲਮ ਦੇ ਯਹੂਦੀ ਮਸੀਹੀਆਂ ਨੇ ਪਤਰਸ ਨੂੰ ਵਾਪਸੀ ਤੇ ਤੁਰੰਤ ਚੁਣੌਤੀ ਦਿੱਤੀ ਸੀ। ਉਨ੍ਹਾਂ ਨੇ ਇਹ ਆਖਦਿਆਂ ਉਸ ਉੱਤੇ ਇਲਜ਼ਾਮ ਲਾਇਆ ਸੀ ਕਿ ''ਤੈਂ ਬੇਸੁੰਨਤੀਆਂ ਕੋਲ ਜਾ ਕੇ ਉਨ੍ਹਾਂ ਨਾਲ ਖਾਧਾ'' (ਕਰਤੱਬ 11:3)। ਜਵਾਬ ਵਿਚ ਪਤਰਸ ਦੇ ਉਨ੍ਹਾਂ ਨੂੰ ਇਹ ਸਮਝਾਉਂਦਿਆਂ ਕਿ ਉਸ ਨੂੰ ਗੈਰਕੌਮਾਂ ਵਿਚ ਜਾਣ ਲਈ ਰੱਬੀ ਅਗਵਾਈ ਮਿਲੀ ਸੀ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਦਿੱਤਾ ਗਿਆ ਸੀ। (ਬਿਲਕੁਲ ਉਵੇਂ ਜਿਵੇਂ ਸ਼ੁਰੂ ਵਿਚ ਰਸੂਲ ਨੂੰ ਮਿਲਿਆ ਸੀ) ਆਪਣੇ ਕੰਮਾਂ ਦਾ ਬਚਾਅ ਕੀਤਾ ਸੀ। ਪਤਰਸ ਦੀਆਂ ਦਲੀਲਾਂ ਦਾ ਅਸਰ ਹੋਇਆ, ਜਿਸ ਨਾਲ ਉਸ ਦੇ ਵਿਰੋਧੀਆਂ ਨੇ ਇਹ ਨਿਚੋੜ ਕੱਢਿਆ ਕਿ ''ਤਦ ਤਾਂ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਵੀ ਜੀਉਣ ਲਈ ਤੋਬਾ ਬਖ਼ਸ਼ੀ ਹੈ'' (ਕਰਤੱਬ 11:4–18)।

ਪਤਰਸ ਯਰੂਸ਼ਲਮ ਦੀ ਕਲੀਸੀਆ ਦਾ ''ਥੰਮ੍ਹ'' ਸੀ (ਗਲਾਤੀਆਂ 2:9), ਜਿਸ ਕਰਕੇ ਉਸ ਦੇ ਕੰਮਾਂ ਦਾ ਅਸਰ ਦੂਜਿਆਂ ਉੱਤੇ ਹੋਇਆ। ਪਰ ਅੰਤਾਕੀਆ ਵਾਲੇ ਮੌਕੇ ਤੇ ਉਸ ਅਸਰ ਨੇ ਨਕਾਰਾਤਮਕ ਢੰਗ ਨਾਲ ਕੰਮ ਕੀਤਾ। ਪੌਲੁਸ ਨੂੰ ਇਹ ਲਿਖਦਿਆਂ ਦੁੱਖ ਲੱਗਾ ਹੋਵੇਗਾ ਕਿ ''ਬਾਕੀ ਯਹੂਦੀਆਂ ਨੇ ਵੀ ਉਹ ਦੇ ਨਾਲ ਦੁਰੰਗੀ ਕੀਤੀ ਐਥੋਂ ਤੀਕ ਜੋ ਬਰਨਬਾਸ ਵੀ ਉਨ੍ਹਾਂ ਦੀ ਦੁਰੰਗੀ ਨਾਲ ਭਰਮਾਇਆ ਗਿਆ'' (2:13)। ਵਚਨ ਵਿਚ ਭਾਵੇਂ ਇਹ ਨਹੀਂ ਕਿਹਾ ਗਿਆ ਪਰ ਅਸੀਂ ਆਪਣੇ ਪਿਆਰੇ ਦੋਸਤ ਦੀ ਦੁਰੰਗੀ ਭਾਵ ਦੋਗਲੇਪਨ ਨੂੰ ਵੇਖ ਕੇ ਪੌਲੁਸ ਦੇ ਚਿਹਰੇ ਤੇ ਆਈ ਪਰੇਸ਼ਾਨੀ ਦੀ ਕਲਪਨਾ ਕੀਤੇ ਬਗੈਰ ਨਹੀਂ ਰਹਿ ਸਕਦੇ।

ਅੰਤਾਕੀਆ ਵਿਚ ਬਰਨਬਾਸ ਦੇ ਵਿਹਾਰ ਨਾਲ ਪੌਲੁਸ ਨੂੰ ਜਿਹੜਾ ਸਭ ਤੋਂ ਵੱਧ ਦੁੱਖ ਹੋਇਆ ਹੋਵਗਾ ਉਹ ਇਹ ਸੀ ਕਿ ਉਸ ਅਫ਼ਸੋਸਨਾਕ ਦਿਨ ਤੇ ਗੈਰਕੌਮਾਂ ਨਾਲ ਖੜੇ ਹੋ ਕੇ ਉਨ੍ਹਾਂ ਦੀ ਸਥਿਤੀ ਦਾ ਬਚਾਅ ਕਰਨ ਵਾਲਾ ਜੇ ਕੋਈ ਹੋਣਾ ਚਾਹੀਦਾ ਸੀ ਤਾਂ ਬਰਨਬਾਸ ਸੀ। ਪੌਲਸ ਦੇ ਨਾਲ ਬਰਨਬਾਸ ਨੂੰ ਖ਼ਾਸ ਤੌਰ ਤੇ ''ਉਸ ਕੰਮ ਦੇ ਲਈ ਵੱਖਰਾ'' ਕੀਤਾ ਗਿਆ ਸੀ ''ਜਿਹਦੇ ਲਈ *[ਪਵਿੱਤਰ ਆਤਮਾ]* ਨੇ ਉਨ੍ਹਾਂ ਨੂੰ ਬੁਲਾਇਆ ਸੀ'' (ਕਰਤੱਬ 13:2)। ਉਨ੍ਹਾਂ ਦੇ ਕੰਮ ਦਾ ਮੁੱਖ ਮਕਸਦ ਗੈਰਕੌਮ ਲੋਕ ਹੋਣੇ ਸਨ। ''ਯਾਕੂਬ ਅਤੇ ਕੇਫ਼ਾਸ ਅਤੇ ਯੂਹੰਨਾ ਨੇ'' ਪੌਲੁਸ ਤੇ ''ਬਰਨਬਾਸ ਨਾਲ ਸਾਂਝ ਦੇ ਸੱਜੇ ਹੱਥ ਮਿਲਾਏ ਭਈ ਅਸੀਂ ਪਰਾਈਆਂ ਕੌਮਾਂ ਕੋਲ ਜਾਈਏ ਅਤੇ ਉਹ ਸੁੰਨਤੀਆਂ ਕੋਲ ਜਾਣ'' (2:9)।[46]

ਅੰਤਾਕੀਆ ਦਾ ਸੰਕਟ ਜਿਹੜਾ ''ਯਾਕੂਬ ਦੀ ਵੱਲੋਂ ਆਏ'' ਇਨ੍ਹਾਂ ਬੰਦਿਆਂ ਦੇ ਆਉਣ ਨਾਲ ਪੈਦਾ ਹੋਇਆ ਸੀ। ਗੈਰਕੌਮਾਂ ਨਾਲ ਖਾਣੇ ਦੇ ਮੁੱਦੇ ਦੇ ਆਲੇ ਦੁਆਲੇ ਘੁੰਮ ਰਿਹਾ ਸੀ। ਇਹ ''ਕਈ ਕੁ ਜਣੇ'' ਉਹ ਭਾਈ ਸਨ ਜਿਹੜੇ ਯਰੂਸ਼ਲਮ ਦੀ ਕਲੀਸੀਆ ਦੇ ਮੈਂਬਰ ਸਨ ਭਾਵ ਵਿਸ਼ਵਾਸੀ ਯਹੂਦੀ ਸਨ। ਬੇਪਰਤੀਤੇ ਯਹੂਦੀਆਂ ਦੇ ਕਾਰਣ ਭਾਵੇਂ ਪੌਲੁਸ, ਬਰਨਬਾਸ ਅਤੇ ਹੋਰਨਾਂ ਨੇ ਆਪਣੀਆਂ ਮਿਸ਼ਨਰੀ ਯਾਤਰਾਵਾਂ ਦੌਰਾਨ ਕਾਫ਼ੀ ਸਤਾਅ ਝਲਿਆ ਸੀ, ਪਰ ਅੰਤਾਕੀਆ ਦੀ ਮੁਸ਼ਕਿਲ ਨਿਰੋਲ ਰੂਪ ਵਿਚ ''ਮੰਡਲੀਆਂ ਦੇ ਵਿਚ ਦੀ'' ਸੀ।

ਪੈਂਟੀਕਾਸਟ ਵਾਲੇ ਦਿਨ ਤੋਂ ਬਾਅਦ ਕਈ ਸਾਲਾਂ ਤਕ ਸਿਰਫ਼ ਯਹੂਦੀਆਂ ਵਿਚ ਹੀ ਇੰਜੀਲ ਸੁਣਾਈ ਜਾਂਦੀ ਰਹੀ। ਕੁਰਨੇਲਿਉਸ ਦੀ ਮਨਬਦਲੀ ਦੇ ਬਾਅਦ, ਕੁਝ ਦੇਰ ਤਕ ਇਵੇਂ ਹੀ ਚਲਦਾ ਰਿਹਾ ਜਿਵੇਂ ਕਿ ਰਸੂਲਾਂ ਦੇ ਕਰਤੱਬ 11:19 ਤੋਂ ਸਪੱਸ਼ਟ ਹੈ। ਪਰ ਇਸਤੀਫ਼ਾਨ ਦੀ ਸ਼ਹਾਦਤ ਅਤੇ ਉਸ ਦੇ ਬਾਅਦ ਹੋਣ ਵਾਲੇ ਹੋਰ ਸਤਾਅ ਨਾਲ ਚੇਲਿਆਂ ਦੇ ਖਿੰਡ ਪੁੰਡ ਜਾਣ ਦੇ ਬਾਅਦ ਕੁਝ ਲੋਕ ''ਓਹ ਫੈਨੀਕੇ ਅਤੇ ਕੁਪਰੁਸ ਅਤੇ ਅੰਤਾਕੀਆ ਤੀਕਰ ਫਿਰਦਿਆਂ ਹੋਇਆ ਯਹੂਦੀਆਂ ਤੋਂ ਬਿਨਾ ਹੋਰ ਕਿਸੇ ਨੂੰ ਵਚਨ ਨਹੀਂ ਸੁਣਾਉਂਦੇ'' (ਕਰਤੱਬ 11:19)। ਇੱਥੇ ਕੁਝ ਅਹਿਮ ਗੱਲ ਹੋਈ। ਲੂਕਾ ਨੇ ਲਿਖਿਆ ਹੈ:

> ਪਰ ਉਨ੍ਹਾਂ ਵਿੱਚੋਂ ਕਈ ਕੁਪਰੁਸ ਅਰ ਕੁਰੇਨੇ ਦੇ ਮਨੁੱਖ ਸਨ ਜਿਨ੍ਹਾਂ ਅੰਤਾਕੀਆ ਵਿਚ ਆਣ ਕੇ ਪ੍ਰਭੂ ਯਿਸੂ ਦੀ ਖੁਸ਼ ਖਬਰੀ ਸੁਣਾਉਂਦੇ ਹੋਏ ਯੂਨਾਨੀਆਂ[47] ਨਾਲ ਵੀ ਗੱਲਾਂ ਕੀਤੀਆਂ। ਅਤੇ ਪ੍ਰਭੂ ਦਾ ਹੱਥ ਉਨ੍ਹਾਂ ਦੇ ਨਾਲ ਸੀ ਅਤੇ ਬਾਹਲੇ ਲੋਕ ਨਿਹਚਾ ਕਰ ਕੇ ਪ੍ਰਭੂ ਦਾ ਹੱਥ ਉਨ੍ਹਾਂ ਦੇ ਨਾਲ ਸੀ ਅਤੇ ਬਾਹਲੇ ਲੋਕ ਨਿਹਚਾ ਕਰ ਕੇ ਪ੍ਰਭੂ ਦੀ ਵੱਲ ਫਿਰੇ (ਕਰਤੱਬ 11:20, 21)।

ਇਸ ਗੱਲ ਨਾਲ ਮੁੱਢਲੀ ਕਲੀਸੀਆ ਵਿਚ ਇਕ ਬਹੁਤ ਵੱਡੇ ਮੋੜ ਦਾ ਸੰਕੇਤ ਮਿਲਿਆ ਅਤੇ ਯਹੂਦੀ ਮਸੀਹੀਆਂ ਉੱਤੇ ਇਸ ਦਾ ਜ਼ਬਰਦਸਤ ਅਸਰ ਹੋਇਆ। ਤਕਰੀਬਨ ਡੇਢ ਹਜ਼ਾਰ ਸਾਲਾਂ ਤਕ ਯਹੂਦੀਆਂ ਨੂੰ ਖ਼ੁਦਾ ਦੇ ਖਾਸ ਲੋਕ ਹੋਣ ਦੀ ਬਰਕਤ ਮਿਲੀ ਸੀ (ਕੂਚ 19:1–8)। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਕੁਝ ਯਹੂਦੀਆਂ ਲਈ ਗੈਰਕੌਮਾਂ ਲਈ ਖ਼ੁਦਾ ਦੇ ਪਿਆਰ ਨੂੰ ਸਮਝ ਸਕਣਾ

ਮੁਸ਼ਕਿਲ ਸੀ! ਇਸ ਨਾਲੋਂ ਵੀ ਵਧਕੇ ਕਝ ਯਹੂਦੀ ਮਸੀਹੀਆਂ ਲਈ ਇਹ ਸਮਝ ਸਕਣਾ ਮੁਸ਼ਕਿਲ ਸੀ ਕਿ ਯਹੂਦੀ ਮਤ ਵਿਚ ਬਦਲੇ ਬਿਨਾਂ ਗੈਰਕੌਮਾਂ ਨੂੰ ਮਸੀਹ ਦੇ ਰਾਹੀਂ ਮੁਕਤੀ ਕਿਵੇ ਮਿਲ ਸਕਦੀ ਹੈ (ਕਰਤੱਬ 15: 1)। ਇਸੇ ਕਰਕੇ ਮਸੀਹ ਦੀ ਇੱਕੋ ਦੇਹ ਵਿਚ ਯਹੂਦੀਆਂ ਅਤੇ ਗੈਰਕੌਮਾਂ ਦਾ ਮਿਲਣਾ ਮੁੱਢਲੀ ਕਲੀਸੀਆ ਅੱਗੇ ਆਉਣ ਵਾਲੀ ਸਭ ਤੋਂ ਵੱਡੀ ਵਿਪਤਾ ਸੀ।

---

ਟਿੱਪਣੀਆਂ

[1] ਪੌਲੁਸ ਵੱਲੋਂ ਆਪਣੇ ਰਸੂਲ ਹੋਣ ਦੀ ਸਫ਼ਾਈ ਦਿੰਦਿਆਂ ਖ਼ਤ ਦੇ ਇਸ ਹਿੱਸੇ ਵਿਚ ਤੀਜੀ ਵਾਰ ''ਫੇਰ'' (***epeita,*** ਏਪੀਟਾ) ਸ਼ਬਦ ਇਕ ਸੰਖੇਪ ਦਾਇਰੇ ਦੇ ਅੰਦਰ ਮਿਲਦਾ ਹੈ (ਦੇਖੋ 1:18, 21). [2]ਵੇਖੋ ਰਸੂਲਾਂ ਦੇ ਕਰਤੱਬ 4:36, 37; 9:27; 11:22–30; 13:1—14:28; 15:2–4, 12, 22, 36–41. [3]ਵੇਖੋ 2 ਕੁਰਿੰਥੀਆਂ 2:13; 7:6, 7, 13–15; 8:6, 16, 17, 23; 12:18; 2 ਤਿਮੋਥਿਉਸ 4:10; ਤੀਤੁਸ 1:4, 5. [4]ਕੈਰੋਲਨ ਓਸੀਕ, *ਗਲੇਸ਼ੀਅੰਜ਼,* ਨਿਊ ਟੈਸਟਾਮੈਂਟ ਮੈਸੇਜ (ਵਿਲਮਿੰਗਟਨ, ਡੇਲਵੇਅਰ: ਮਾਈਕਲ ਗਲੇਜ਼ੀਅਰ, 1980), 19. [5]ਇਹ 2:6ਅ, 9 ਵਿਚ ਮਿਲਣ ਵਾਲੇ ਦਾ ਰੂਪ ਹੈ, ਜਦਕਿ ਇਹੋ ਜਿਹੇ ਰੂਪ 2:2, 6ੳ ਵਿਚ ਮਿਲਦੇ ਹਨ। [6]ਜੋਸੇਫ਼ਸ, *ਵਾਰਜ਼* 3.9.8; 4.3.4, 9. [7]ਜੇ. ਬੀ. ਲਾਈਟਫੁਟ, *ਏ ਐਪਿਸਟਲ ਆਫ਼ ਸੇਂਟ ਪੌਲ ਟੂ ਗਲੇਸ਼ੀਅੰਜ਼,* ਕਲਾਸਿਕ ਕਮੈਂਟਰੀ ਲਾਇਬ੍ਰੇਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1957), 108; ਇਗਨੇਸ਼ਿਅੰਜ਼ *ਪੋਲੀਕਾਰਪ* 3.1; ਪਲਾਟੋ *ਅਪੋਲੋਜੀ* 41ਈ; ਜੌਰਜਿਆਸ 472ੳ; ਜ਼ਿਨੋਫੋਨ *ਸਾਈਰੋਪੀਡੀਆ* 7.1.41. [8]ਰਿਚਰਡ ਐਨ. ਲੌਂਗਨੇਕਰ, *ਗਲੇਸ਼ੀਅੰਜ਼,* ਵਰਡ ਬਿਬਲੀਕਲ ਕਮੈਂਟਰੀ, ਜਿਲਦ 41 (ਨੈਸ਼ਵਿੱਲੇ: ਥੌਮਸ ਪਬਲੀਸ਼ਰਜ਼, 1990), 51. [9]ਬੇਨ ਵਿਦ੍ਰਿੰਗਟਨ III, *ਗ੍ਰੇਸ ਇਨ ਗਲੇਸ਼ੀਆ: ਏ ਕਮੈਂਟਰੀ ਆਨ ਸੇਂਟ ਪੌਲ'ਸ ਲੈਟਰ ਟੂ ਦ ਗਲੇਸ਼ੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1998), 136. ਵੇਖੋ ਪੋਲਿਬਯੁਸ *ਹਿਸਟਰੀਜ਼* 1.18.3; 2.7.8; ਪਲੂਟਾਰਚ ਮੋਰੇਰਿਆ 261. [10]ਉੱਥੇ ਹੀ।

[11]ਵੇਖੋ 2:4; 3:28; 4:22, 23, 26, 30, 31; 5:1 *[ਦੋ ਵਾਰ]*, 13 *[ਦੋ ਵਾਰ]*। [12]ਕੈਨਥ ਐਲ. ਬੋਲਸ, *ਗਲੇਸ਼ੀਅੰਜ਼ ਐਂਡ ਇਫ਼ੀਸੀਅੰਜ਼,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ, 1993), 56. [13]ਬਰੂਸ ਐਮ. ਮੈਜ਼ਗਰ, *ਏ ਟੈਕਸਚੂਅਲ ਕਮੈਂਟਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ,* 2 ਸੰਪਾ. (ਸਟੱਟਗਰਟ: ਜਰਮਨ ਬਾਈਬਲ ਸੋਸਾਇਟੀ, 1994), 522–23. ਵੇਖੋ ਟਰਟੁਲੀਅਨ ਅਗੇਂਸਟ *ਹੇਅਰਸਿਜ਼* 5.3;3.13.3. [14]ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਗਲੇਸ਼ੀਅੰਜ਼,* ਦ ਨਿਊ ਇੰਟਰਨੈਸ਼ਨਲ ਗ੍ਰੀਕ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 118. [15]ਉੱਥੇ ਹੀ, 123. [16]ਕੁਝ ਪੱਛਮੀ ਹਥੱਲਿਖਤਾਂ ਦੀ ਸੂਚੀ ਵਿਚ ਪਤਰਸ ਦਾ ਨਾਂਅ ਸ਼ੁਰੂ ਵਿਚ ਲਿਖ ਕੇ ਲੜੀ ਨੂੰ ਉਲਟਾ ਕੀਤਾ ਗਿਆ ਹੈ। (ਮੈਜ਼ਗਰ, 523.) [17]ਲਾਈਟਫੁਟ, 109. ਵੇਖੋ *ਟਾਲਮੁਡ ਬੇਰਾਕੋਥ* 28ਅ. [18]ਜੋਸੇਫ਼ਸ *ਐਂਟੀਕੁਇਟੀਜ਼* 18.9.3; 20.3.2; *ਵਾਰਜ਼* 6.6.1, 4; 6.8.2; ਟੈਸਿਟਿਸ *ਹਿਸਟਰੀਜ਼* 1.54; 2.8; ਡਾਇਓਡੋਰਸ ਸਿਸਲਸ *ਲਾਇਬ੍ਰੇਰੀ ਆਫ਼ ਹਿਸਟਰੀ* 16.43.3. [19]ਆਰ. ਐਲਨ ਕੋਲ, *ਦ ਐਪਿਸਟਲ ਆਫ਼ ਪੌਲ ਟੂ ਦ ਗਲੇਸ਼ੀਅੰਜ਼,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1965), 69. [20]ਬਾਅਦ ਦੇ ਇਕ ਯਹੂਦੀ–ਮਸੀਹੀ ਸਮੂਹ ਇਬੋਨਿਉ ਦੇ ਨਾਂਅ ਦਾ ਅਰਥ ''ਗਰੀਬ''। (ਬਰੂਸ, 126.)

[21]ਯੂਨਾਨੀ ਸ਼ਬਦ (***chrēmitzō,*** ਕਰੇਮਿਜ਼ੋ) ਦਾ ਅਰਥ ਸ਼ਾਇਦ ਇਹ ਹੈ ਕਿ ਉਨ੍ਹਾਂ ਨੂੰ ਇਸ ਨਾਂਅ

ਨਾਲ ''ਈਸ਼ੁਰੀ ਰੂਪ ਵਿਚ ਬੁਲਾਇਆ ਜਾਂਦਾ'' ਸੀ। ''ਮਸੀਹੀ'' ਖ਼ੁਦਾ ਵੱਲੋਂ ਚੁਣਿਆ ਗਿਆ ਨਾਂਅ ਸੀ। [22]ਅੰਤਾਕੀਆ ਦੇ ਨਕਸ਼ੇ ਲਈ ਜਿਸ ਵਿਚ ਸ਼ਹਿਰ ਦੇ ਵਿੱਚੋਂ ਜਾਂਦੇ ਹੋਏ ਓਰੋਨਟਿਸ ਦਰਿਆ ਦਾ ਕੁਝ ਭਾਗ ਇਕ ਟਾਪੂ ਬਣ ਗਿਆ ਸੀ, *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ, ਸੰਸਕ., ਸੰਪਾ. ਜਿਓਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1979), 1:143 ਵਿਚ ਵੇਖੋ ਗਲੈਨਵਿੱਲੇ ਡਾਊਨੀ, ''ਐਂਟਿਓਕ'' (ਸੀਰੀਅਨ)। [23]ਉਥੇ ਹੀ, 1:142. [24]ਕੋਲ, 73. [25]ਕਈ ਘਟਨਾਵਾਂ ਵਿਚ, ਜੋਸੇਫ਼ਸ ਨੇ ਇਸ ਦੀ ਵਰਤੋਂ ''ਦੋਸ਼ੀ ਠਹਿਰਾਉਣ'' ਦੇ ਅਰਥ ਵਿਚ ਕੀਤੀ। (ਜੋਸੇਫ਼ਸ *ਵਾਰਜ਼* 1.32.3; 2.8.6; 7.5.6; 7.8.6.) [26]ਵਿਦਰਿੰਗਟਨ, 154. ਵੇਖੋ ਪੋਲੀਬਉਸ, *ਹਿਸਟਰੀਜ਼* 1.16.10; 6.40.14; 7.17.1; ਪਲੂਟਾਰਚ 47.4. [27]ਰੌਬਰਟ ਐਲ. ਜੌਨਸਨ *ਦ ਲੈਟਰਜ਼ ਆਫ਼ ਪੌਲ ਟੂ ਦ ਗਲੇਸ਼ੀਅੰਜ਼,* ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ., 1969), 63. [28]ਵਾਲਟਰ ਬਾਊਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 976. ਵੇਖੋ ਪੋਲੀਬਯੁਸ *ਹਿਸਟਰੀਜ਼* 3.52.6; ਪਲੂਟਾਰਚ *ਕੇਉਸ ਮੈਰਿਉਸ* 14.8; ਜੋਸੇਫ਼ਸ *ਵਾਰਜ਼* 1.29.1; 5.7.4. [29]ਲਿਓਨ ਮੌਰਿਸ, *ਗਲੇਸ਼ੀਅੰਜ਼: ਪੌਲਜ਼ ਚਾਰਟਰ ਆਫ਼ ਕ੍ਰਿਸਚਿਅਨ ਫ੍ਰੀਡਮ* (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਟੀ ਪ੍ਰੈੱਸ, 1996), 81. [30]ਕੋਲ, 77.

[31]ਵੇਖੋ ਜੋਸੇਫ਼ਸ *ਵਾਰਜ਼* 2.17.10; ਇਗਨੇਸ਼ੀਅਸ *ਮੈਗਨੇਸ਼ੀਅੰਜ਼* 10.3. [32]ਪੌਲੁਸ ਨੇ ਇਨ੍ਹਾਂ ਵਿਚਾਰਾਂ ਦੀ ਚਰਚਾ ਰੋਮੀਆਂ 1–3 ਵਿਚ ਖੁੱਲ੍ਹ ਕੇ ਕੀਤੀ ਹੈ। [33]ਲੌਂਗਨੇਕਰ 90. [34]ਬਰੂਸ, 142. [35]ਜੌਨਸਨ, 72. [36]1 ਕੁਰਿੰਥੀਆਂ 15:31 ਵਿਚ ਪੌਲੁਸ ਨੇ ਲਿਖਿਆ, ''ਮੈਂ ਹਰ ਰੋਜ ਮਰਦਾ ਹਾਂ।'' ਪਰ ਇਸ ਵਾਕ ਵਿਚ ਉਸ ਨੇ ਸਿਰਫ਼ ਪਾਪ ਲਈ ਮਰਨਾ ਹੀ ਕਾਫ਼ੀ ਨਹੀਂ ਹੈ; ਇਸ ਵਿਚ ਮਸੀਹ ਦੇ ਰੂਸਲ ਦੇ ਰੂਪ ਵਿਚ ਪੌਲੁਸ ਵੱਲੋਂ ਕਹੇ ਜਾਣ ਵਾਲੇ ਹੋਰ ਵੀ ਖ਼ਤਰੇ ਆ ਜਾਂਦੇ ਹਨ (ਵੇਖੋ 2 ਕੁਰਿੰਥੀਆਂ 1:8–10; 11:23–28)। [37]ਵਿਦ੍ਰਿੰਗਟਨ 192. [38]ਬਾਉਰ, 490. [39] NASB ਵਿਚ ਰਸੂਲਾਂ ਦੇ ਕਰਤੱਬ 15:2 ਵਿਚ ਖ਼ਾਸ ਤੌਰ ਤੇ ''ਭਾਈਆਂ'' ਜੋੜਿਆ ਗਿਆ ਹੈ। [40]ਬਰਨਬਾਸ ਦੀ ਭਰੋਸੇਯੋਗਤਾ ਦੀ ਇਕ ਹੋਰ ਮਿਸਾਲ ਰਸੂਲਾਂ ਦੇ ਕਰਤੱਬ 11:27–30 ਵਿਚ ਮਿਲਦੀ ਹੈ। ਉਸ ਵਚਨ ਵਿਚ, ਅੰਤਾਕਿਆ ਦੇ ਭਰਾਵਾਂ ਨੇ ਸੌਲੁਸ ਲਈ ਜਿਨ੍ਹਾਂ ਨੂੰ ਉਹ ਅਕਾਲ ਰਾਹਤ ਲਈ ਯਰੂਸ਼ਲਮ ਦੇ ਬਜ਼ੁਰਗਾਂ ਨੂੰ ਭੇਜ ਰਹੇ ਸਨ, ਪੌਲੁਸ ਨਾਲ ਉਸ ਨੂੰ ਲਿਆ।

[41]ਵੇਖੋ ਰੋਮੀਆਂ 14:10, 11; 1 ਪਤਰਸ 4:17, 18; ਪ੍ਰਕਾਸ਼ ਦੀ ਪੋਥੀ 20:11–15; 22:12. [42]ਇਹ ਕਿਸੇ ਵੀ ਤਰ੍ਹਾਂ ਯੂਹੰਨਾ 5:24 ਵਿਚ ਯਿਸੂ ਦੇ ਸ਼ਬਦਾਂ ਦੀ ਗੰਭੀਰਤਾ ਨੂੰ ਘੱਟ ਨਹੀਂ ਕਰਦਾ: ''ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰਾ ਵਚਨ ਸੁਣਦਾ ਹੈ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਹਨ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿਚ ਜਾ ਪਹੁੰਚਿਆ ਹੈ।'' ਇਸ ਵਚਨ ਵਿਚ ''ਸਜ਼ਾ'' ਸ਼ਬਦ ***krisis*** ਹੈ ਜਿਸ ਦੇ ''ਨਿਆ'' ਜਾਂ ''ਸਜ਼ਾ'' ਸਹਿਤ ਕਈ ਅਰਥ ਹਨ। ਅਸੀਂ ਲਿਖਤ ਦੀ ਵਿਆਖਿਆ (ਜਾਂ ਅਨੁਵਾਦ) ਕਦੇ ਵੀ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਜਿਸ ਤੋਂ ਲੱਗੇ ਕਿ ਇਕਵਚਨ ਦੂਜੇ ਨਾਲੋਂ ਵੱਖਰਾ ਹੈ। ਜਿਵੇਂ ਕਿ ਕਿਹਾ ਗਿਆ ਹੈ ''ਅੰਤ ਦੇ ਦਿਨ'' (ਨਿਆਂ ਵਾਲੇ ਦਿਨ) ਸਭ ਲੋਕ ਪ੍ਰਭੂ ਦੇ ਸਾਹਮਣੇ ਖੜੇ ਹੋਣਗੇ; ਪਰ ਵਿਸ਼ਵਾਸੀਆਂ ਨੂੰ ਭਾਵੇਂ ਇਸ ਨਿਆਂ ਦੀ ਪਰਕਿਰਿਆ ਵਿਚ ਕੀਤਾ ਜਾਵੇਗਾ ਪਰ ਦਰ ਦੋਸ਼ੀ ਨਹੀਂ ਠਹਿਰਾਇਆ ਜਾਏਗਾ, ਕਿਉਂਕਿ ਵਿਸ਼ਵਾਸ ਦੇ ਰਾਹੀਂ ਉਹ ਪਹਿਲਾਂ ਹੀ ਮੌਤ ਵਿੱਚੋਂ ਜ਼ਿੰਦਗੀ ਵਿਚ ਵੜ ਚੁੱਕਿਆ ਹੋਵੇਗਾ (ਯੂਹੰਨਾ 3:16–19, 36)। [43]ਪ੍ਰਕਾਸ਼ ਦੀ ਪੋਥੀ 12:17 ਵਿਚ ਸ਼ਬਦ ਦਾ ਅਰਥ ''ਯਿਸੂ ਦੀ ਸਾਖੀ'' ਹੋ ਸਕਦਾ ਹੈ (ਜੇ. ਡਬਲਯੂ. ਰੌਬਟਰਸ, *ਦ ਰੈਵਲੇਸ਼ਨ ਟੂ ਜੌਨ* (ਦ ਅਪੋਕਲਿਪਸ), ਦ ਲਿਵਿੰਗ ਵਰਡ ਕਮੈਂਟਰੀ [ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1974], 106)। [44]ਉਦਾਹਰਣ ਲਈ 1 ਕੁਰਿੰਥੀਆਂ 15:51 ਅਤੇ ਅਫ਼ਸੀਆਂ

5:32 ਵਿਚ ਦੋ ਹੋਰ ਭੇਤਾਂ ਦੀ ਗੱਲ ਕੀਤੀ ਗਈ ਹੈ। [45]ਵੇਖੋ ਵਿਵਸਥਾਸਾਰ 1:17; 2 ਇਤਿਹਾਸ 19:7; ਅਫ਼ਸੀਆਂ 6:9; ਕੁਲੁੱਸੀਆਂ 3:25; ਯਾਕੂਬ 2:1, 9. [46]ਪੌਲੁਸ ਨੇ ਰਸੂਲ ਦੇ ਰੂਪ ਵਿਚ ਆਪਣੇ ਅਹੁਦੇ ਨੂੰ ਕਿਸੇ ਵੀ ਤਰ੍ਹਾਂ ਨਾਲ ਪਤਰਸ ਜਾਂ ਹੋਰਾਂ ਤੋਂ ਜਿਹੜੇ ਉਸ ਤੋਂ ਪਹਿਲਾਂ ਪ੍ਰਭੂ ਵਿਚ ਆਏ ਸਨ ਘੱਟ ਨਹੀਂ ਵੇਖਿਆ (2:6–9)। 2 ਕੁਰਿੰਥੀਆਂ 11:5 ਵਿਚ ਉਸ ਨੇ ਹੋਰ ਜ਼ੋਰ ਦੇ ਕੇ ਕਿਹਾ: ''ਕਿਉਂ ਜੋ ਮੈਂ ਆਪਣੇ ਆਪ ਨੂੰ ਉਨ੍ਹਾਂ ਮਹਾਨ ਰਸੂਲਾਂ ਤੋਂ ਕਿਸੇ ਗੱਲ ਵਿਚ ਘੱਟ ਨਹੀਂ ਸਮਝਦਾ ਹਾਂ।'' ( ਜਾਂ ''ਸੁਪਰ–ਰਸੂਲ''; NIV)। [47]''ਯੂਨਾਨੀਆਂ'' (*Hellēn*) ਮੂਲ ਵਿਚ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਯੂਨਾਨੀ ਰੀਤਾਂ ਰਿਵਾਜ਼ਾਂ ਦੇ ਨਾਲ ਜ਼ਿੰਦਗੀ ਗੁਜ਼ਾਰਦੇ ਸਨ।